ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 14 ਦਸੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੨੯ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243





## ਜਨਵਰੀ 'ਚ ਹੋਣਗੀਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ

**ਸਿਰਸਾ, 13 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਆਉਣ ਵਾਲੀ 19 ਜਨਵਰੀ ਨੂੰ ਹੋਣਗੀਆਂ। ਚੋਣਾਂ ਦੇ ਸੰਬੰਧ 'ਚ 18 ਦਸੰਬਰ ਨੂੰ ਨੋਟੀਫਿਕੇਸ਼ਨ ਜਾਰੀ ਹੋਵੇਗੀ। ਡਿਪਟੀ ਕਮਿਸ਼ਨਰ ਸ਼ਾਂਤਨੂ ਸ਼ਰਮਾ ਨੇ ਦੱਸਿਆ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ 18 ਦਸੰਬਰ ਨੂੰ ਨੋਟੀਫਿਕੇਸ਼ਨ ਜਾਰੀ ਹੋਵੇਗੀ। ਆਉਣ ਵਾਲੀ 20 ਤੋਂ 28 ਦਸੰਬਰ ਤੱਕ ਨਾਮਜ਼ਦਗੀ ਪੱਤਰ ਭਰੇ ਜਾ ਸਕਣਗੇ ਅਤੇ 30 ਦਸੰਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਜਾਂਚ ਕੀਤੀ ਜਾਵੇਗੀ। ਇਸ ਤੋਂ ਬਾਅਦ 31 ਦਸੰਬਰ ਨੂੰ ਡਿਪਟੀ ਕਮਿਸ਼ਨਰ ਦੇ ਸਾਹਮਣੇ ਰਿਟਰਨਿੰਗ ਅਧਿਕਾਰੀ ਦੇ ਆਦੇਸ਼ 'ਚ ਸੋਧ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਇਕ ਜਨਵਰੀ ਨੂੰ ਮੁੜ ਨਿਰੀਖਣ ਅਰਜ਼ੀ 'ਤੇ ਡਿਪਟੀ ਕਮਿਸ਼ਨ ਵਲੋਂ ਫ਼ੈਸਲਾ ਲਿਆ ਜਾਵੇਗਾ ਅਤੇ ਜਾਇਜ਼ ਨਾਮਜ਼ਦਗੀ ਪੱਤਰਾਂ ਦੀ ਸੂਚੀ ਜਾਰੀ ਕੀਤੀ ਜਾਵੇਗੀ। 2 ਜਨਵਰੀ ਨੂੰ 3 ਵਜੇ ਤੱਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ ਅਤੇ ਤਿੰਨ ਵਜੇ ਤੋਂ ਬਾਅਦ ਚੋਣ ਚਿੰਨ੍ਹ ਦਿੱਤੇ ਜਾਣਗੇ। ਆਉਣ ਵਾਲੀ 2 ਜਨਵਰੀ ਨੂੰ ਵੋਟਿੰਗ ਕੇਂਦਰਾਂ ਦੀ ਸੂਚੀ ਜਾਰੀ ਕੀਤੀ ਜਾਵੇਗੀ ਅਤੇ 19 ਜਨਵਰੀ ਨੂੰ ਸਵੇਰੇ 8 ਤੋਂ 5 ਵਜੇ ਤੱਕ ਵੋਟਿੰਗ ਹੋਵੇਗੀ। ਇਸ ਤੋਂ ਬਾਅਦ ਸਾਰੇ ਵੋਟਿੰਗ ਕੇਂਦਰਾਂ 'ਤੇ ਵੋਟਾਂ ਦੀ ਸਮਾਪਤੀ ਦੇ ਤੁਰੰਤ ਬਾਅਦ ਵੋਟਾਂ ਦੀ ਗਿਣਤੀ ਹੋਵੇਗੀ।

# ਪੁਲਿਸ ਥਾਣੇ 'ਤੇ ਗ੍ਰਨੇਡ ਹਮਲਾ

## ਖਾਲਿਸਤਾਨ ਸਮਰਥਕਾਂ ਨੇ ਲਈ ਜ਼ਿੰਮੇਵਾਰੀ, ਪੁਲਿਸ ਨੂੰ ਵਾਰਨਿੰਗ

**ਗੁਰਦਾਸਪੁਰ, 13 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਇੱਕ ਪੁਲਿਸ ਥਾਣੇ 'ਤੇ ਗ੍ਰਨੇਡ ਹਮਲਾ ਹੋਇਆ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ 'ਚ ਪੁਲਿਸ ਥਾਣੇ 'ਤੇ ਹੈਂਡ ਗ੍ਰੇਨੇਡ ਸੁੱਟਿਆ ਗਿਆ ਹੈ। ਹਾਲਾਂਕਿ, ਕਿਸੇ ਕਾਰਨ ਕਰਕੇ ਇਹ ਹੈਂਡ ਗ੍ਰੇਨੇਡ ਫਟਿਆ ਨਹੀਂ ਤੇ ਇਸ ਤਰ੍ਹਾਂ ਕੋਈ ਜਾਨੀ-ਮਾਲੀ ਨੁਕਸਾਨ ਨਹੀਂ ਹੋਇਆ। ਉਧਰ, ਅਮਰੀਕਾ ਸਥਿਤ ਖਾਲਿਸਤਾਨ ਸਮਰਥਕਾਂ ਹੈਪੀ ਪਾਸੀਆਂ ਤੇ ਗੋਪੀ ਨਵਾਂਸ਼ਹਿਰੀਆ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵੀ ਪਾਈ ਗਈ ਹੈ। ਇਸ ਦੇ ਨਾਲ ਹੀ ਧਮਕੀ ਵੀ ਦਿੱਤੀ ਗਈ ਹੈ ਕਿ ਅਜੇ ਤਾਂ ਥਾਣੇ 'ਤੇ ਗ੍ਰਨੇਡ ਸੁੱਟਿਆ ਹੈ, ਹੁਣ ਨਾਕੇ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਇਸ ਹਮਲੇ ਮਗਰੋਂ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਬਟਾਲਾ ਪੁਲਿਸ ਅਧਿਕਾਰੀ ਇਸ ਹਮਲੇ ਸਬੰਧੀ ਕੁਝ ਵੀ ਕਹਿਣ ਤੋਂ ਗੁਰੇਜ ਕਰ ਰਹੇ ਹਨ। ਸ਼ੁਰੂਆਤੀ ਜਾਣਕਾਰੀ ਮੁਤਾਬਕ ਇਹ ਗ੍ਰਨੇਡ ਵੀਰਵਾਰ ਰਾਤ ਕਰੀਬ 10.30 ਵਜੇ ਸੁੱਟਿਆ ਗਿਆ। ਦੋ ਨੌਜਵਾਨ ਬਾਈਕ 'ਤੇ ਆਏ ਜਿਨ੍ਹਾਂ ਨੇ ਥਾਣੇ ਵੱਲ ਕੋਈ ਚੀਜ਼ ਸੁੱਟ ਦਿੱਤੀ। ਇਹ ਗ੍ਰਨੇਡ ਹੋਣ ਦਾ ਸ਼ੱਕ ਹੈ। ਇਸ ਦਾ ਪਤਾ ਲੱਗਣ ਤੋਂ ਬਾਅਦ ਗੁਰਦਾਸਪੁਰ ਦੇ ਐਸਐਸਪੀ ਸੋਹੇਲ ਕਾਸਿਮ ਮੀਰ ਸਮੇਤ ਏਜੰਸੀਆਂ ਦੇ ਹੋਰ ਹੋਰ ਅਧਿਕਾਰੀ ਜਾਂਚ ਲਈ ਪਹੁੰਚ ਗਏ ਹਨ। ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਪੁਲਿਸ ਥਾਣੇ 'ਤੇ ਹਮਲਾ ਕਰਨ ਵਾਲੇ ਨੌਜਵਾਨਾਂ ਦਾ ਪਤਾ ਲਾਇਆ ਜਾ ਰਿਹਾ ਹੈ। ਏਡੀਜੀਪੀ ਨੌਨਿਹਾਲ ਸਿੰਘ ਵੀ ਦੇਰ ਰਾਤ ਗੁਰਦਾਸਪੁਰ ਪੁੱਜੇ। ਗ੍ਰਨੇਡ ਹਮਲੇ ਦੀ ਜ਼ਿੰਮੇਵਾਰੀ ਲੈਣ ਵਾਲਿਆਂ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਨਾਂ 'ਤੇ ਇੱਕ ਅਕਾਊਂਟ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਪਾਈ ਹੈ। ਇਸ ਵਿੱਚ ਲਿਖਿਆ ਹੈ ਕਿ ਅੱਜ ਥਾਣਾ ਅਲੀਵਾਲ ਵਿੱਚ ਪੁਲਿਸ ਮੁਲਾਜ਼ਮਾਂ 'ਤੇ ਹੋਏ ਗ੍ਰਨੇਡ ਹਮਲੇ ਦੀ ਜ਼ਿੰਮੇਵਾਰੀ ਹੈਪੀ ਪਾਸੀਆ ਤੇ ਗੋਪੀ ਨਵਾਂਸ਼ਹਿਰੀਆ ਨੇ ਲਈ ਹੈ। ਹਾਲ ਹੀ 'ਚ ਜਦੋਂ ਪੁਲਿਸ ਸਟੇਸ਼ਨ 'ਤੇ ਗ੍ਰਨੇਡ ਸੁੱਟੇ ਗਏ ਤਾਂ ਪੁਲਿਸ ਨੇ ਕਿਹਾ ਕਿ ਟਾਇਰ ਫਟ ਗਿਆ ਸੀ। ਅੱਜ ਇੱਕ ਹੋਰ ਟਾਇਰ ਫਟ ਗਿਆ। ਹੁਣ ਪੁਲਿਸ ਜਵਾਬ ਦੇਵੇਗੀ ਕਿ ਕਿਹੜੇ ਮੋਟਰਸਾਈਕਲ ਦੇ ਟਾਇਰਾਂ ਵਿੱਚੋਂ ਅੱਗ ਨਿਕਲਦੀ ਹੈ। ਪੁਲਿਸ ਵਾਲਿਆਂ ਲਈ ਇਹ ਅਗਲੀ ਚੇਤਾਵਨੀ ਹੈ। ਹੁਣ ਸਿਰਫ਼ ਥਾਣਿਆਂ 'ਤੇ ਹੀ ਹਮਲੇ ਨਹੀਂ ਹੋਣਗੇ। ਹੁਣ ਸ਼ਾਮ 6 ਵਜੇ ਤੋਂ ਬਾਅਦ ਪੰਜਾਬ ਪੁਲਿਸ ਦੇ ਨਾਕਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਗ੍ਰਨੇਡ ਤੇ ਆਈਈਡੀ ਧਮਾਕੇ ਵੀ ਹੋ ਸਕਦੇ ਹਨ। ਇਹ ਪੁਲਿਸ ਵਾਲਿਆਂ ਲਈ ਚੇਤਾਵਨੀ ਹੈ। ਅੰਤ ਵਿੱਚ ਲਿਖਿਆ-ਜੰਗ ਜਾਰੀ ਹੈ, ਅਗਲੀ ਕਾਰਵਾਈ ਦੀ ਉਡੀਕ



## ਦਿੱਲੀ ਦੇ ਕਈ ਸਕੂਲਾਂ ਨੂੰ ਮੁੜ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ, ਜਾਂਚ 'ਚ ਨਹੀਂ ਮਿਲਿਆ ਕੁੱਝ ਸ਼ੱਕੀ

**ਨਵੀਂ ਦਿੱਲੀ, 13 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਕਈ ਸਕੂਲਾਂ ਨੂੰ ਸ਼ੁੱਕਰਵਾਰ (13 ਦਸੰਬਰ) ਦੀ ਸਵੇਰ ਨੂੰ ਇੱਕ ਵਾਰ ਫਿਰ ਧਮਕੀ ਭਰਾ ਫੋਨ ਆਇਆ ਹੈ। ਕਾਲ ਦੀ ਸੂਚਨਾ ਦਿੱਲੀ ਪੁਲਿਸ ਅਤੇ ਫਾਇਰ ਵਿਭਾਗ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ ਗਈ। ਜਾਂਚ 'ਚ ਹੁਣ ਤੱਕ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ। ਜਿਨ੍ਹਾਂ ਸਕੂਲਾਂ ਨੂੰ ਬੰਬ ਦੀ ਧਮਕੀ ਮਿਲੀ ਹੈ, ਉਨ੍ਹਾਂ ਵਿੱਚ ਈਸਟ ਆਫ ਕੈਲਾਸ਼ ਡੀਪੀਐਸ, ਸਲਵਾਨ ਸਕੂਲ, ਮਾਡਰਨ ਸਕੂਲ ਅਤੇ ਕੈਂਬਰਿਜ ਸਕੂਲ ਸ਼ਾਮਲ ਹਨ। ਦਿੱਲੀ ਦੇ ਸਕੂਲਾਂ 'ਚ ਬੰਬ ਦੀਆਂ ਧਮਕੀਆਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਹਰ ਰੋਜ਼ ਕੋਈ ਨਾ ਕੋਈ ਅਣਜਾਣ ਵਿਅਕਤੀ ਈ-ਮੇਲ ਜਾਂ ਕਾਲ ਰਾਹੀਂ ਸਕੂਲ ਪ੍ਰਬੰਧਕਾਂ ਨੂੰ ਬੰਬ ਹੋਣ ਦੀ ਸੂਚਨਾ ਦਿੰਦਾ ਹੈ ਅਤੇ ਦਹਿਸ਼ਤ ਦਾ ਮਾਹੌਲ ਬਣ ਜਾਂਦਾ ਹੈ। ਪਿਛਲੇ ਸੋਮਵਾਰ (9 ਦਸੰਬਰ) ਨੂੰ ਵੀ ਦਿੱਲੀ ਦੇ ਕਰੀਬ 40 ਸਕੂਲਾਂ ਨੂੰ ਬੰਬ ਦੀ ਧਮਕੀ ਦਿੱਤੀ ਗਈ ਸੀ। ਇਹ ਧਮਕੀ ਈ-ਮੇਲ ਰਾਹੀਂ ਆਈ ਸੀ। ਸੋਮਵਾਰ ਦੀ ਸਵੇਰ ਹੋਣ ਕਰਕੇ ਬੱਚੇ ਕਲਾਸ ਅਟੈਂਡ ਕਰਨ ਲਈ ਪਹੁੰਚ ਚੁੱਕੇ ਸਨ। ਈਮੇਲ ਮਿਲਦਿਆਂ ਹੀ ਸਕੂਲ ਪ੍ਰਸ਼ਾਸਨ ਨੇ ਤੁਰੰਤ ਮਾਪਿਆਂ ਨੂੰ ਸੂਚਿਤ ਕੀਤਾ ਅਤੇ ਸਾਰੇ ਬੱਚਿਆਂ ਨੂੰ ਘਰ ਵਾਪਸ ਭੇਜ ਦਿੱਤਾ ਗਿਆ। ਉਸ ਦੌਰਾਨ ਵੀ ਪੁਲਿਸ ਦੀਆਂ ਕਈ ਟੀਮਾਂ ਬਣਾਈਆਂ ਗਈਆਂ ਸਨ, ਜਿਨ੍ਹਾਂ ਨੇ ਹਰ ਸਕੂਲ ਦੇ ਚੱਪੇ-ਚੱਪੇ ਦੀ ਚੈਕਿੰਗ ਕੀਤੀ, ਪਰ ਕੁਝ ਵੀ ਸ਼ੱਕੀ ਨਹੀਂ ਮਿਲਿਆ। ਦਿੱਲੀ ਦੇ ਸਕੂਲਾਂ, ਹਵਾਈ ਅੱਡਿਆਂ, ਉਡਾਣਾਂ, ਹੋਟਲਾਂ, ਮਾਲਾਂ ਆਦਿ ਨੂੰ ਹਰ ਰੋਜ਼ ਮਿਲ ਰਹੀਆਂ ਇਹ ਧਮਕੀਆਂ ਹੁਣ ਤੱਕ ਝੂਠੀਆਂ ਨਿਕਲੀਆਂ ਹਨ। ਹਾਲਾਂਕਿ, ਸੁਰੱਖਿਆ ਏਜੰਸੀਆਂ ਇਨ੍ਹਾਂ ਧਮਕੀਆਂ ਨੂੰ ਹਲਕੇ ਵਿੱਚ ਲੈਣ ਦੀ ਗਲਤੀ ਨਹੀਂ ਕਰ ਸਕਦੀਆਂ। ਸੋਮਵਾਰ 9 ਦਸੰਬਰ ਨੂੰ ਧਮਕੀ ਭਰੀ ਈਮੇਲ ਭੇਜਣ ਵਾਲੇ ਵਿਅਕਤੀ ਨੇ 3 ਹਜ਼ਾਰ ਅਮਰੀਕੀ ਡਾਲਰ ਦੀ ਫਿਰੌਤੀ ਦੀ ਮੰਗ ਕੀਤੀ ਸੀ। ਇਹ ਵੀ ਲਿਖਿਆ ਗਿਆ ਸੀ ਕਿ ਬੰਬ ਇੰਨੇ ਛੋਟੇ ਸਨ ਕਿ ਜਾਂਚ ਦੌਰਾਨ ਉਹ ਨਹੀਂ ਮਿਲਣਗੇ। ਜੇਕਰ ਉਨ੍ਹਾਂ ਦੀ ਮੰਗ ਪੂਰੀ ਨਾ ਹੋਈ ਤਾਂ ਉਹ ਬੰਬ ਵਿਸਫੋਟ ਕਰ ਦੇਵੇਗਾ। ਇੰਨਾ ਹੀ ਨਹੀਂ ਦਿੱਲੀ ਦੇ ਦੋ ਇਲਾਕਿਆਂ 'ਚ ਵੱਖ-ਵੱਖ ਸਮੇਂ 'ਤੇ ਘੱਟ ਤੀਬਰਤਾ ਦੇ ਦੋ ਧਮਾਕੇ ਵੀ ਹੋ ਚੁੱਕੇ ਹਨ। ਦੋ ਮਹੀਨਿਆਂ ਦੇ ਅੰਦਰ ਦੋ ਧਮਾਕਿਆਂ ਅਤੇ ਲਗਾਤਾਰ ਧਮਕੀਆਂ ਨਾਲ ਦਿੱਲੀ ਦੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਉਠਣੇ ਸੁਭਾਵਿਕ ਹਨ।

## ਦਿਲਜੀਤ ਦੁਸਾਂਝ ਦੇ ਚੰਡੀਗੜ੍ਹ ਅਖਾੜੇ ਦਾ ਮਾਮਲਾ ਪਹੁੰਚਿਆ ਹਾਈਕੋਰਟ

**ਚੰਡੀਗੜ੍ਹ, 13 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ 'ਚ 14 ਦਸੰਬਰ ਨੂੰ ਹੋਣ ਵਾਲੇ ਦਿਲਜੀਤ ਦੁਸਾਂਝ ਦੇ ਕੰਸਰਟ ਦਾ ਮਾਮਲਾ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਪਹੁੰਚ ਗਿਆ ਹੈ। ਇਹ ਪਟੀਸ਼ਨ ਸੈਕਟਰ-23 ਦੇ ਰਹਿਣ ਵਾਲੇ ਰਣਜੀਤ ਸਿੰਘ ਵੱਲੋਂ ਦਰਜ ਕੀਤੀ ਗਈ ਹੈ। ਪਟੀਸ਼ਨ ਵਿਚ ਕੰਸਰਟ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ। ਚੀਫ਼ ਜਸਟਿਸ ਦੀ ਅਗਵਾਈ ਵਾਲੀ ਡਿਵੀਜ਼ਨ ਬੈਂਚ ਮਾਮਲੇ ਦੀ ਸੁਣਵਾਈ ਕਰੇਗੀ। ਪਟੀਸ਼ਨ ਵਿੱਚ ਚੰਡੀਗੜ੍ਹ ਪ੍ਰਸ਼ਾਸਨ, ਡੀਜੀਪੀ, ਨਗਰ ਨਿਗਮ, ਇਨਵੈਂਟ ਕੰਪਨੀ ਨੂੰ ਪ੍ਰਤੀਵਾਦੀ ਬਣਾਇਆ ਗਿਆ ਹੈ। ਇਸ ਸਮੇਂ ਦਿਲਜੀਤ ਦਾ ਦਿਲ-ਲੁਮਿਨਾਟੀ ਟੂਰ ਚੱਲ ਰਿਹਾ ਹੈ। ਸ਼ੋਅ ਦੇ ਲਈ ਦਿਲਜੀਤ ਕੱਲ੍ਹ ਸ਼ਾਮ ਚੰਡੀਗੜ੍ਹ ਪਹੁੰਚ ਗਏ ਹਨ। ਹਾਈ ਕੋਰਟ ਵਿੱਚ ਦਰਜ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪ੍ਰਦਰਸ਼ਨ ਲਈ ਯੋਜਨਾਬੱਧ ਟ੍ਰੈਫਿਕ ਪ੍ਰਬੰਧਨ, ਭੀੜ ਕੰਟਰੋਲ ਅਤੇ ਹੋਰ ਜਨਤਕ ਉਪਾਵਾਂ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਨੇ ਪਟੀਸ਼ਨ ਵਿੱਚ ਕਿਹਾ ਕਿ ਜਦੋਂ ਤੱਕ ਇਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ ਲਈ ਢੁੱਕਵੇਂ ਉਪਾਅ ਲਾਗੂ ਨਹੀਂ ਕੀਤੇ ਜਾਂਦੇ, ਪ੍ਰਬੰਧਕਾਂ ਨੂੰ ਚੰਡੀਗੜ੍ਹ ਵਿੱਚ ਸ਼ੋਅ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਹਾਲਾਂਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਸ਼ੋਅ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਕਈ ਪ੍ਰਬੰਧ ਕੀਤੇ ਹਨ। ਵਿਸ਼ੇਸ਼ ਕਮੇਟੀ ਬਣਾਈ ਗਈ ਹੈ। ਜੋ ਹਰ ਚੀਜ਼ 'ਤੇ ਨਜ਼ਰ ਰੱਖ ਰਿਹਾ ਹੈ। ਦਿਲਜੀਤ ਦੇ ਸ਼ੋਅ ਲਈ ਚੰਡੀਗੜ੍ਹ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਹੋਣਗੇ। ਪਤਾ ਲੱਗਿਆ ਹੈ ਕਿ ਛੇ ਡੀਐਸਪੀਜ਼, 12 ਇੰਸਪੈਕਟਰਾਂ ਸਮੇਤ 1200 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ। ਜੋ ਟ੍ਰੈਫਿਕ ਵਿਵਸਥਾ ਸਮੇਤ ਹੋਰ ਚੀਜ਼ਾਂ 'ਤੇ ਨਜ਼ਰ ਰੱਖੇਗਾ। ਅੱਜ ਹੀ ਚੰਡੀਗੜ੍ਹ ਪੁਲਿਸ ਵੱਲੋਂ ਲੋਕਾਂ ਦੀ ਸਹੂਲਤ ਲਈ ਟਰੈਫਿਕ ਰੂਟ ਪਲਾਨ ਵੀ ਜਾਰੀ ਕੀਤਾ ਜਾਵੇਗਾ। ਤਾਂ ਜੋ ਭਲਕੇ ਹੋਣ ਵਾਲੇ ਪ੍ਰਦਰਸ਼ਨ ਕਾਰਨ ਲੋਕਾਂ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਕਿਉਂਕਿ ਇਸ ਇਲਾਕੇ ਵਿੱਚ ਬਾਜ਼ਾਰ, ਕਈ ਅਦਾਰੇ ਅਤੇ ਪੈਟਰੋਲ ਪੰਪ ਹਨ। ਇਸ ਤੋਂ ਇਲਾਵਾ ਸ਼ੋਅ ਦਾ ਆਯੋਜਨ ਕਰਨ ਵਾਲੀ ਕੰਪਨੀ ਵੱਲੋਂ ਆਪਣੇ ਕੈਮਰੇ ਲਗਾਉਣ ਸਮੇਤ ਹੋਰ ਪ੍ਰਬੰਧ ਕੀਤੇ ਜਾਣਗੇ। ਸਮਾਰੋਹ ਵਾਲੀ ਥਾਂ 'ਤੇ ਇਕ ਕੰਟਰੋਲ ਰੂਮ ਬਣਾਇਆ ਜਾਵੇਗਾ।



**ਐਡਵਾਈਜ਼ਰੀ ਹੋਈ ਜਾਰੀ**-ਚੰਡੀਗੜ੍ਹ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ਼ ਚਾਈਲਡ ਰਾਈਟਸ ਨੇ ਸੰਗੀਤ ਸਮਾਰੋਹ ਦੇ ਪ੍ਰਬੰਧਕਾਂ ਅਤੇ ਦਿਲਜੀਤ ਨੂੰ ਸ਼ਰਾਬ ਅਤੇ ਹਿੰਸਾ ਨਾਲ ਸਬੰਧਤ ਗੀਤ ਨਾ ਗਾਉਣ ਦੇ ਨਿਰਦੇਸ਼ ਦਿੱਤੇ ਹਨ। ਇਨ੍ਹਾਂ 'ਚ 'ਪਟਿਆਲਾ ਪੈਗ', 'ਪੰਜ ਤਾਰਾ (5 ਤਾਰਾ)' ਅਤੇ 'ਕੇਸ' ਵਰਗੇ ਗੀਤ ਸ਼ਾਮਲ ਹਨ। ਨਾਲ ਹੀ ਲੋਕਾਂ ਨੂੰ ਇਨ੍ਹਾਂ ਗੀਤਾਂ ਨੂੰ ਤੋੜ-ਮਰੋੜ ਕੇ ਗਾਉਣ ਲਈ ਨਹੀਂ ਕਿਹਾ ਗਿਆ ਹੈ। ਇਸ ਤੋਂ ਇਲਾਵਾ ਕੰਸਰਟ ਦੌਰਾਨ ਛੋਟੇ ਬੱਚਿਆਂ ਨੂੰ ਸਟੇਜ 'ਤੇ ਨਾ ਬੁਲਾਉਣ ਦੀ ਚਿਤਾਵਨੀ ਦਿੱਤੀ ਗਈ ਹੈ। ਸਮਾਰੋਹ ਦੌਰਾਨ ਉੱਚੀ ਆਵਾਜ਼ ਕਾਰਨ ਛੋਟੇ ਬੱਚਿਆਂ ਨੂੰ ਸਟੇਜ 'ਤੇ ਨਾ ਬੁਲਾਉਣ ਦੀ ਚਿਤਾਵਨੀ ਦਿੱਤੀ ਗਈ ਹੈ। ਉੱਚੀ ਆਵਾਜ਼ ਬੱਚਿਆਂ ਲਈ ਹਾਨੀਕਾਰਕ ਹੈ। ਇਹ ਮਾਮਲਾ ਚੰਡੀਗੜ੍ਹ ਦੇ ਕਾਲਜ ਵਿੱਚ ਤਾਇਨਾਤ ਐਸੋਸੀਏਟ ਪ੍ਰੋਫੈਸਰ ਪੰਡਿਤ ਰਾਓ ਧਰੇਨਵਰ ਨੇ ਚੁੱਕਿਆ ਹੈ।

## ਸਿੱਖ ਸੰਗਤਾਂ ਸੰਤ ਮਹਾਂਪੁਰਸ਼ਾਂ ਸਿੱਖ ਸ਼ਖਸ਼ੀਅਤਾਂ ਦੇ ਰਾਇ ਮਸ਼ਵਰੇ ਉਪਰੰਤ "ਪੰਜ ਪਿਆਰੇ ਪੰਜ ਸਿੰਘਾਂ" ਵਲੋਂ ਕੁਰੂਕਸ਼ੇਤਰ ਵਿਖੇ ਹੋਏ "ਪੰਥਕ ਇਕੱਠ" ਵਿੱਚ 'ਸ਼੍ਰੋਮਣੀ ਅਕਾਲੀ ਦਲ ਆਜ਼ਾਦ' ਦਾ ਪ੍ਰਧਾਨ "ਜਥੇਦਾਰ ਬਲਜੀਤ ਸਿੰਘ ਦਾਦੂਵਾਲ" ਨੂੰ ਜੈਕਾਰਿਆਂ ਦੀ ਗੂੰਜ ਵਿੱਚ ਥਾਪਿਆ ਗਿਆ






ਵਿਸਥਾਰ ਸਹਿਤ ਖ਼ਬਰ ਤੇ ਤਸਵੀਰਾਂ ਪੰਨਾ 16-17 'ਤੇ

## ਪੁਲਸ ਕਸਟਡੀ 'ਚ ਨੌਜਵਾਨ ਦੀ ਗੋਲੀ ਲੱਗਣ ਨਾਲ ਮੌਤ, ਪਰਿਵਾਰ ਨੇ ਲਾਏ ਵੱਡੇ ਇਲਜ਼ਾਮ

**ਅੰਮ੍ਰਿਤਸਰ, 13 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦਿਹਾਤੀ ਥਾਣਾ ਘਰਿੰਡਾ ਦੇ ਅਧੀਨ ਆਉਂਦੀ ਪੁਲਸ ਚੌਕੀ ਵੱਲੋਂ ਦੋ ਨੌਜਵਾਨਾਂ ਨੂੰ ਮੁੱਖਬਰ ਦੀ ਸੂਚਨਾ ਦੇ ਅਧਾਰ 'ਤੇ ਕਾਬੂ ਕੀਤਾ ਗਿਆ ਸੀ। ਕਸਟਡੀ ਦੌਰਾਨ ਇੱਕ ਨੌਜਵਾਨ ਵੱਲੋਂ ਅਪਣੇ ਆਪ ਨੂੰ ਗੋਲੀ ਮਾਰ ਲਈ ਗਈ। ਮ੍ਰਿਤਕ ਨੌਜਵਾਨ ਦਾ ਨਾਂ ਮਨਜੀਤ ਸਿੰਘ ਦੱਸਿਆ ਜਾ ਰਿਹਾ ਹੈ। ਜਿਸ ਦੇ ਪੀੜਤ ਪਰਿਵਾਰ ਨੇ ਥਾਣਾ ਘਰਿੰਡਾ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਮੌਕੇ ਡੀ.ਐੱਸ.ਪੀ. ਲਖਵਿੰਦਰ ਸਿੰਘ ਕਲੇਅਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅਸੀਂ ਮੁਖਬਰ ਦੀ ਸੂਚਨਾ ਦੇ ਅਧਾਰ 'ਤੇ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਸੀ ਜਿਸ ਦੇ ਚਲਦੇ ਇਕ ਨੌਜਵਾਨ ਮਨਜੀਤ ਸਿੰਘ ਨੇ ਪੁਲਸ ਕਸਟਡੀ 'ਚ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਗਈ। ਉਨ੍ਹਾਂ ਨੇ ਦੱਸਿਆ ਕਿ ਜਿਸ ਪਿਸਤੌਲ ਦੇ ਨਾਲ ਉਸਨੇ ਗੋਲੀ ਮਾਰੀ ਹੈ ਉਸ ਦਾ ਲਾਇਸੈਂਸੀ ਪਿਸਤੌਲ ਸੀ। ਪੁਲਸ ਅਧਿਕਾਰੀ ਦਾ ਕਹਿਣਾ ਹੈ ਕਿ ਅਸੀਂ ਜਾਂਚ ਕਰ ਰਹੇ ਹਾਂ, ਜਾਂਚ ਤੋਂ ਬਾਅਦ ਸਾਰੇ ਤੱਥ ਸਾਹਮਣੇ ਆਉਗੇ ਉਸ ਹਿਸਾਬ ਨਾਲ ਬਣਦੀ ਕਰਵਾਈ ਕੀਤੀ ਜਾਵੇਗੀ। ਇਸ ਮੌਕੇ ਪੀੜਤ ਪਰਿਵਾਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਮੁੰਡਾ ਮਨਜੀਤ ਸਿੰਘ ਜੋ ਕਿ ਵਿਆਹਿਆ ਹੋਇਆ ਹੈ ਅਤੇ ਪਿੰਡ ਖਾਸਾ ਵਿਖੇ ਹੈਲਥ ਕਲੱਬ ਚਲਾਉਂਦਾ ਹੈ। ਉਨ੍ਹਾਂ ਕਿਹਾ ਕਿ ਉਹ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰਦਾ ਹੈ ਤੇ ਸਿੱਖੀ ਲਈ ਪ੍ਰੇਰਿਤ ਵੀ ਕਰਦਾ ਹੈ। ਸਾਡਾ ਮੁੰਡਾ ਅਜਿਹਾ ਕੋਈ ਕੰਮ ਨਹੀਂ ਸੀ ਕਰਦਾ ਜੋ ਕਾਨੂੰਨ ਦੇ ਅਦਾਰੇ ਤੋਂ ਬਾਹਰ ਹੋਵੇ। ਉਨ੍ਹਾਂ ਕਿਹਾ ਕਿ ਨਾ ਹੀ ਸਾਡਾ ਮੁੰਡਾ ਬੁਜ਼ਦਿਲ ਸੀ ਜੋ ਆਪਣੇ ਆਪ ਨੂੰ ਗੋਲੀ ਮਾਰ ਲਵੇ, ਇਹ ਸਾਰੀ ਪੁਲਸ ਵੱਲੋਂ ਸਾਜਿਸ਼ ਰਚੀ ਜਾ ਰਹੀ ਹੈ। ਅਸੀਂ ਪੁਲਸ ਪ੍ਰਸ਼ਾਸਨ ਕੋਲੋਂ ਇਨਸਾਫ਼ ਦੀ ਮੰਗ ਕਰਦੇ ਹਾਂ ਤੇ ਚਾਹੁੰਦੇ ਹਾਂ ਕਿ ਪੁਲਸ ਪ੍ਰਸ਼ਾਸਨ ਚੌਂਕੀ ਖਾਸਾ ਉਨ੍ਹਾਂ ਅਧਿਕਾਰੀਆਂ ਨੂੰ ਸਸਪੈਂਡ ਕਰੇ ਜਿਨ੍ਹਾਂ ਨੇ ਉਨ੍ਹਾਂ ਦੇ ਮੁੰਡੇ ਨੂੰ ਪੁਲਸ ਕਸਟਡੀ 'ਚ ਲਿਆ ਸੀ। ਪੁਲਸ ਅਧਿਕਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਥੇ ਹੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਚੌਂਕੀ ਖਾਸਾ ਦੇ ਪੁਲਸ ਅਧਿਕਾਰੀ ਜਸਵਿੰਦਰ ਸਿੰਘ ਵੱਲੋਂ ਉਸ ਨੂੰ ਸਵੇਰ ਦਾ ਕਾਬੂ ਕੀਤਾ ਗਿਆ ਸੀ ਤੇ ਦੇਰ ਸ਼ਾਮ ਉਸ ਵੱਲੋਂ ਆਪਣੇ ਆਪ ਨੂੰ ਗੋਲੀ ਮਾਰਨ ਦੀ ਘਟਨਾ ਸਾਹਮਣੇ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਸ ਅਧਿਕਾਰੀ ਜਸਵਿੰਦਰ ਸਿੰਘ ਨੇ ਹੀ ਉਸ ਨੂੰ ਉਸ ਦੀ ਲਾਈਸੈਂਸੀ ਪਿਸਤੌਲ ਨਾਲ ਗੋਲੀ ਮਾਰ ਕੇ ਮਨਜੀਤ ਸਿੰਘ ਨੂੰ ਮੌਤ ਦੇ ਘਾਟ ਉਤਾਰਿਆ ਦਿੱਤਾ ਹੈ। ਇਸ ਮੌਕੇ ਸਾਰੀ ਦਿਹਾਤੀ ਦੇ ਥਾਣਿਆਂ ਦੀ ਪੁਲਸ ਥਾਣਾ ਘਰਿੰਡਾ ਵਿੱਚ ਇਕੱਠੀ ਹੋਈ ਹੈ। ਸੂਤਰਾਂ ਦੇ ਹਵਾਲੇ ਤੋਂ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨਾਲ ਪੁਲਸ ਵਲੋਂ ਰਾਜੀਨਾਮਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ।



ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

# ਮਹਾਨ ਸ਼ਹੀਦੀ ਦਿਹਾੜਾ

**ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ**

**ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ**

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ⋆ ਗੁਰੂ ਪੰਥ ਦੇ ਦਾਸਰੇ ⋆

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**


ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
**Call+393475711755 / 3208124778**

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਖ਼ਾਲਿਸ ਸਚੁ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ


ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਤੇਰੇ ਜਨ ਪਰਉਪਕਾਰੀ ਆਏ

## ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ

## 100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ

## 51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

### ਵਿਸ਼ੇਸ਼ ਸਹਿਯੋਗ -

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ**
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ



ਸ਼ਹੀਦੀ ਜੋੜ ਮੇਲਾ ਸਿੰਘ ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ☛ ਜਨਮ ਦਿਵਸ ਸ਼੍ਰੋਮਣੀ ਭਗਤ ਸੈਣ ਜੀ ਪਿੰਡ ਸੋਹਲ ਅੰਮ੍ਰਿਤਸਰ ਸਾਹਿਬ ☛ ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰ ਸਿੱਖ ਪ੍ਰਵਾਰ ਭਾਈ ਅਮਰਜੀਤ ਸਿੰਘ ਅਤੇ ਭਾਈ ਪ੍ਰਭਜੀਤ ਸਿੰਘ ਦਿਉਲ ਵੱਲੋਂ ਲਈ ਗਈ ਹੈ।

**ਸ਼ਨੱਚਰਵਾਰ 14 ਦਸੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।**

ਐਤਵਾਰ 15 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ। ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਰਾਗੀ ਜਥਾ ਭਾਈ ਤਜਿੰਦਰ ਸਿੰਘ ਮਾਨਤੋਵਾ ਵਾਲੇ ਕੀਰਤਨ ਦੀ ਹਾਜ਼ਰੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

**Call+393475711755 / 3208124778**



ਨਗਰ ਜਨਸੂਆ ਅਤੇ ਹਲਕਾ ਨਿਵਾਸੀ ਸਾਧ ਸੰਗਤ ਵਲੋਂ
ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ
ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ
ਮਹਾਨ ਗੁਰਮਤਿ ਸਮਾਗਮ
21-22 ਦਿਸੰਬਰ 2024
ਦਿਨ ਸ਼ਨੀਵਾਰ ਅਤੇ ਐਤਵਾਰ
ਨਗਰ ਜਨਸੂਆ
ਜਿਲਾ ਅੰਬਾਲਾ
ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤਕ
ਸਿੰਘ ਸਾਹਿਬ ਗਿ. ਰਘਬੀਰ ਸਿੰਘ ਜੀ
ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ
ਸਿੰਘ ਸਾਹਿਬ ਗਿ. ਰਣਜੀਤ ਸਿੰਘ ਜੀ
ਗਿ. ਪ੍ਰੇਮ ਸਿੰਘ ਜੀ
ਭਾਈ ਦਵਿੰਦਰ ਸਿੰਘ ਜੀ
ਪਰਮਪ੍ਰੀਤ ਸਿੰਘ ਜੀ
ਭਾਈ ਲਖਵਿੰਦਰ ਸਿੰਘ ਜੀ
ਗਿ. ਸੁਖਜਿੰਦਰ ਸਿੰਘ ਨੂਰ
ਭਾਈ ਜਤਿੰਦਰ ਸਿੰਘ ਨੂਰਪੁਰੀ
ਭਾਈ ਮਨਪ੍ਰੀਤ ਸਿੰਘ ਜੀ
ਭਾਈ ਗੁਰਮੇਲ ਸਿੰਘ ਜੀ




ਸ੍ਰੀ ਅਕਾਲ ਜੀ ਸਹਾਇ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮਾਤਾ ਗੁਜਰ ਕੌਰ ਜੀ,
ਚਾਰ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ
ਸ਼ਹੀਦੀ ਸਭਾ
24 ਅਤੇ 25 ਦਸੰਬਰ 2024 ਸਵੇਰੇ 9 ਵੱਜੇ ਤੋਂ
ਗੁ. ਸ੍ਰੀ ਮੰਜੀ ਸਾਹਿਬ (ਬਾਉਲੀ ਸਾਹਿਬ) ਅੰਬਾਲਾ ਸ਼ਹਿਰ
ਸਭਾ ਦੌਰਾਨ ਗੁਰੂ ਸਾਹਿਬ ਜੀ ਦੀ ਲਾਡਲੀਆਂ ਫੌਜ਼ਾ (ਬੱਚੇ ਅਤੇ ਬੱਚੀਆਂ) ਕਿਸੇ ਵੀ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ ਜੀ
24 ਦਸੰਬਰ
ਤੀਰ ਅੰਦਾਜ਼ੀ ਅਤੇ ਸ਼ੁਟਿੰਗ
ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰਤੀਭਾਗੀ ਨੂੰ ਬੇਸਿਕ ਗਿਆਨ ਹੋਣਾ ਜ਼ਰੂਰੀ ਹੈ ਜੀ।
ਦਸਤਾਰ ਮੁਕਾਬਲਾ
ਦੁਮਾਲਾ ਮੁਕਾਬਲਾ
ਸਿੱਖ ਇਤਿਹਾਸਕ ਕਲਰਿੰਗ ਅਤੇ ਪੇਂਟਿੰਗ
(ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰਤੀਭਾਗੀ ਕਾਰਡ ਬੋਰਡ ਅਤੇ ਕਲਰ ਨਾਲ ਲੈ ਕੇ ਆਉਣ ਜੀ)
ਕਵਿਤਾ
ਵਿਸ਼ਾ : ਸ਼ਹੀਦੀ ਇਤਿਹਾਸ ਸਬੰਧਿਤ 3 ਤੋਂ 5 ਮਿੰਟ
ਖੋ—ਖੋ
(ਇਸ ਮੁਕਾਬਲੇ ਵਿਚ ਕੇਵਲ ਸੱਦਾ ਦਿਤੀ ਗਈ ਟੀਮ ਹੀ ਭਾਗ ਲੈ ਸਕਦੀ ਹੈ।)
ਰੱਸੀ ਟੱਪਣਾ
(ਕੇਵਲ ਲੜਕੀਆ, 1 4ਸਾ ਲ ਤੱਕ)
ਟਰਾਈ ਸਾਇਕਲ ਰੇਸ
ਇਸ ਰੇਸ ਵਿੱਚ 7 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ।
ਧਿਮੀ ਸਾਇਕਲ ਰੇਸ
ਇਸ ਰੇਸ ਵਿੱਚ 10 ਤੋਂ 13 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ।
ਰੱਸਾ ਖਿਚਣਾ
15 ਸਾਲ ਤੱਕ ਦੀ 8 ਮੈਂਬਰੀ ਟੀਮ
25 ਦਸੰਬਰ
ਗੁਰਬਾਣੀ ਕੰਠ
ਬਾਣੀ : ਸਲੋਕ ਮਹਲਾ ਨੌਵਾਂ ਅਤੇ ਸ਼ਬਦ (ਨੌਵੇਂ ਪਾਤਸ਼ਾਹ)
5 ਤੋਂ 8 ਸਾਲ
ਪਹਿਲੇ 10 ਸ਼ਲੋਕ ਅਤੇ ਇਕ ਸ਼ਬਦ
9 ਤੋਂ 15 ਸਾਲ
ਪਹਿਲੇ 25 ਸ਼ਲੋਕ ਅਤੇ ਦੋ ਸ਼ਬਦ
16 ਤੋਂ 25 ਸਾਲ
57 ਸ਼ਲੋਕ, ਚਾਰ ਸ਼ਬਦ ਅਤੇ ਤ੍ਵ ਪ੍ਰਸਾਦਿ ਸਵੱਯੇ
ਅਵਾਰਡ ਚੰਗੇਰੇ ਮਾਪੇ
ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਮਾਤਾ ਪਿਤਾ ਦਾ ਅੰਮ੍ਰਿਤਧਾਰੀ ਹੋਣਾ ਜਰੂਰੀ ਹੈ ਮਾਤਾ ਪਿਤਾ ਨੇ 10 ਮਿੰਟ ਦੇ ਅੰਦਰ ਅਪਣੇ ਬੱਚੇ ਨੂੰ ਸੋਹਣੇ ਸਿੱਖੀ ਸਰੂਪ ਵਿਚ ਤਿਆਰ ਕਰਨਾ ਹੈ। ਬੱਚੇ ਦੀ ਉਮਰ 6 ਤੋਂ 7 ਸਾਲ ਤਕ ਦੀ ਹੋਵੇ ਜੀ। ਬੱਚਿਆਂ ਨੂੰ ਪਟਕਾ, ਦਸਤਾਰ, ਦੁਮਾਲਾ, ਦੁਪੱਟਾ ਆਦਿ ਵਿਚ ਤਿਆਰ ਕਰਨ ਦੀ ਖੁੱਲ ਹੋਵੇਗੀ।
ਗਤਕਾ ਪ੍ਰਦਰਸ਼ਨ
(ਵਿਅਕਤੀਗਤ : ਫਾਇਟ ਫਰੀ-ਸੋਟੀ, ਡਬਲ ਕਿਰਪਾਨ ਅਤੇ ਚੱਕਰ)
ਅੰਬਾਲਾ ਗਤਕਾ ਅਕੈਡਮੀ
ਵਲੋਂ ਸ਼ਸਤ੍ਰ ਵਿਦਿਆ ਦਾ ਸਾਂਝਾ ਪ੍ਰਦਸ਼ਨ ਕਿਤਾ ਜਾਵੇਗਾ ਜੀ
ਸਿੱਖੀ ਸਰੂਪ ਮੇਰਾ ਅਸਲੀ ਰੂਪ
ਇਸ ਮੁਕਾਬਲੇ ਵਿੱਚ 8 ਸਾਲ ਤੱਕ ਦੇ ਬੱਚੇ ਅਤੇ ਬੱਚੀਆਂ ਨੇ ਸਿੱਖੀ ਸਰੂਪ ਵਿਚ ਤਿਆਰ ਬਰ ਤਿਆਰ ਹੋਕੇ ਆਉਣਾ ਹੈ ਅਤੇ ਸਟੇਜ ਤੇ 1 ਮਿੰਟ ਲਈ ਬੋਲਣ ਦਾ ਸਮਾਂ ਦਿੱਤਾ ਜਾਵੇਗਾ ਜੀ
ਕਵੀਜ਼ ਮੁਕਾਬਲਾ
ਵਿਸ਼ਾ : ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦ ਸਿੰਘਾਂ ਦੇ ਜੀਵਨ ਸਬੰਧਿਤ
(ਇਸ ਮੁਕਾਬਲੇ ਵਿਚ ਕੇਵਲ ਸੱਦਾ ਦਿਤੀ ਗਈ ਟੀਮ ਹੀ ਭਾਗ ਲੈ ਸਕਦੀ ਹੈ।)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ 7988264621, 8929111683, 9812032041, 7988513083, 9466408747, 7404112798
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੇਵਾ ਸੋਸਾਇਟੀ (ਰਜਿ.), ਅੰਬਾਲਾ ਸ਼ਹਿਰ
ਪ੍ਰਧਾਨ ਅਤੇ ਸਮੂਹ ਮੈਂਬਰਾਨ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਦਾਸਰੇ: ਮੈਨੇਜਰ
ਗੁ. ਮੰਜੀ (ਬਾਉਲੀ) ਸਾਹਿਬ, ਪਾ.੬ਵੀਂ, ੧੦ਵੀਂ
ਅੰਬਾਲਾ ਸ਼ਹਿਰ 0171-2446949
ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC
ਸ੍ਰ. ਸੁਦਰਸ਼ਨ ਸਿੰਘ ਅੰਬਾਲਾ
ਸੀਨੀਅਰ ਮੀਤ ਪ੍ਰਧਾਨ HSGMC
ਸ੍ਰ. ਤਰਵਿੰਦਰਪਾਲ ਸਿੰਘ ਅੰਬਾਲਾ
ਅੰਤ੍ਰਿੰਗ ਮੈਂਬਰ HSGMC
ਸ. ਹਰਪਾਲ ਸਿੰਘ ਕੰਬੋਜ
ਮੈਂਬਰ, HSGMC
ਸ. ਇੰਦਰਜੀਤ ਸਿੰਘ
ਮੈਂਬਰ, HSGMC
ਸ. ਰਜਿੰਦਰ ਸਿੰਘ
ਮੈਂਬਰ, HSGMC
ਕੈਪਟਨ ਦਿਲਬਾਗ ਸਿੰਘ
ਮੈਂਬਰ, HSGMC
ਜ. ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ, HSGMC

In Loving Memory of

# Sardarni Nasib Kaur Sidhu



13th April 1934 - 4th December 2024

## Saturday 14th December 2024

**Antam Darshan | 11:40 AM**
200 Oak Road, West Bromwich, B70 8HJ

**Antam Sanskar | 1:00 PM**
Sandwell Valley Crematorium
Newton Road, West Bromwich, West Midlands, B71 3SX

**Sehaj Path Bhog | 2:30 PM**
Guru Har Rai Gurdwara
128 High Street, West Bromwich, B70 6JW

Harmony
Asian Funeral Directors

ਆਵਾਜ਼ਿ ਕੌਮ AWAZE QAUM International Newspaper & WEB TV



National Sahibzade Shaheedi Smagam
20th Annual Barsi of Baba Thakur Singh Jee Khalsa Bhindranwale
4 DAY MAHAAN GURMAT SMAGAM
SAT 21ST – TUES 24TH DECEMBER 2024
SRI GURU SINGH SABHA GURDWARA
2-8 PARK AVENUE, SOUTHALL, UB1 3AG
SAT 21ST DEC REHNSBHAI KIRTAN 8PM-5AM | SUN 22ND DEC AMRIT SANCHAAR 11:00AM | SUN 22ND DEC ARAMBH SRI AKHAND PATH SAHIB 4:00PM
BHOG SRI AKHAND PAATH SAHIB & MAHAAN SMAGAM
TUESDAY 24TH DEC 2024 - 3:00PM
DARSHAN OF GURU SAHIB'S SHASTAR & KAKAARS: THE BHAI ROOP CHAND JI COLLECTION
Sant Baba Anhad Raj Singh Ji Nanaksar Samrala Wale
Sant Baba Shinder Singh Ji Sabhrawa Wale
Sant Baba Bhagwan Singh Ji Rara Sahib - Begowal
Giani Navtej Singh Ji Damdami Taksal
Giani Daljit Singh Ji Damdami Taksal
Bhai Jaswinder Singh Ji Damdami Taksal
Dhadi Jatha Bhai Sukhninder Singh Ji Sabhrava
Giani Jaswinder Singh Ji Damdami Taksal
Bhai Ranjit Singh Ji Damdami Taksal
Bhai Maninder Singh Ji Damdami Taksal
Bhai Lehna Singh Ji Damdami Taksal
Bhai Santokh Singh Ji Jalandhar Wale
Bhai Mehtaab Singh Ji Jalandhar Wale
Bhai Avtar Singh Ji Maskeen
Bhai Harcharan Singh Ji Khalsa
Bhai Nirmal Singh Ji Nagpuri
Bhai Davinder Singh Ji Sodhi
Organised by: UK Sangat, Students of Damdami Taksal and Panthic Jathebandia
Giani Sohan Singh: 07877 017219 Giani Gurjinder Singh: 07400 830403 Bhai Harjit Singh: 07958 644655 Bhai Harjinder Singh: 07956 007161 Bhai Bhervinder Singh: 07985 246484




ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥
ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਸਿੰਘਾਂ-ਸਿੰਘਣੀਆਂ ਦੀ ਯਾਦ ਨੂੰ ਸਮਰਪਿਤ
ਸਲਾਨਾ ਮਹਾਨ ਗੁਰਮਤਿ ਸਮਾਗਮ
ਮਿਤੀ 21, 22, 23 ਦਸੰਬਰ 2024
ਦਿਨ ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ
(ਰੋਜ਼ਾਨਾ ਸ਼ਾਮ 4 ਵਜੇ ਤੋਂ ਰਾਤ 11 ਵਜੇ ਤੱਕ)
ਪਿੰਡ ਰਸੂਲਪੁਰ ਕਲਾਂ, ਅੱਡਾ ਡੱਡੂਆਣਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ
ਗਿਆਨੀ ਹਰਪ੍ਰੀਤ ਸਿੰਘ ਜੀ ਵਡਾਲਾ
ਬਾਬਾ ਚਰਨਜੀਤ ਸਿੰਘ ਜੱਸੋਵਾਲ ਕਥਾਵਾਚਕ
ਭਾਈ ਅਮਰਜੀਤ ਸਿੰਘ ਜੀ
ਭਾਈ ਸਿਮਰਨਜੀਤ ਸਿੰਘ ਜੀ ਪਰਵਾਨਾ ਕਵੀਸ਼ਰੀ ਜਥਾ
ਭਾਈ ਬਿੰਦਰ ਸਿੰਘ ਜੀ
ਬੀਬੀ ਬੇਅੰਤ ਕੌਰ ਜੀ ਖਾਲਸਾ ਢਾਡੀ ਜਥਾ
ਭਾਈ ਸੁਖਦੇਵ ਸਿੰਘ ਜੀ ਡੱਲਾ ਕਥਾਵਾਚਕ
ਭਾਈ ਗੁਰਸੇਵਕਜੀਤ ਸਿੰਘ ਜੀ ਕਲਾਨੌਰ ਵਾਲੇ ਢਾਡੀ ਜਥਾ
ਭਾਈ ਕੁਲਵਿੰਦਰ ਸਿੰਘ ਜੀ ਮਾਹਲ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
ਗਿ. ਗੁਰਕੀਰਤ ਸਿੰਘ ਜੀ (ਡਬਲ) M.A ਸ੍ਰੀ ਤਰਨ ਤਾਰਨ ਸਾਹਿਬ - ਕਵੀਸ਼ਰੀ ਜਥਾ
ਭਾਈ ਅੰਮ੍ਰਿਤਪਾਲ ਸਿੰਘ ਜੀ ਕੀਰਤਨੀ ਜਥਾ
ਭਾਈ ਇਛਪਾਲ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
LIVE ON Mannat TV
ਨੋਟ: ਗੁਰਬਾਣੀ ਸੁਣਾਉਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਜਾਵੇਗਾ।
ਸਰਬੱਤ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੋ ਅਤੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਵੱਲੋਂ: ਗੁਰਦੁਆਰਾ ਬਾਬਾ ਗੁਰਬਖਸ਼ ਸਾਹਿਬ ਜੀ, ਪਿੰਡ ਰਸੂਲਪੁਰ ਕਲਾਂ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ।
ਸੰਪਰਕ ਕਰੋ: 94640-25066, 98763-16195, 98145-51701
Amar Art Studio






ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI


# ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ 'ਚੋਂ ਛੇਕਣ ਦੀ ਮੰਗ ਪੰਥਕ ਸੰਕਟ ਨੂੰ ਹੋਰ ਡੂੰਘਾ ਕਰ ਦੇਵੇਗੀ : ਸਿੰਘ ਸਾਹਿਬ

## ਸਿੱਖਾਂ ਉਪਰ ਪਹਿਲਾਂ ਵੀ ਹਮਲੇ ਹੋਏ, ਪੰਥ ਚੋਂ ਛੇਕਣ ਦੀ ਮੰਗ ਕਦੇ ਨਹੀਂ ਹੋਈ

**ਜਲੰਧਰ • ਆਵਾਜ਼ਿ ਕੌਮ ਬਿਊਰੋ**

ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਨਰਾਇਣ ਸਿੰਘ ਚੌੜਾ ਨੂੰ ਸੁਖਬੀਰ ਸਿੰਘ ਬਾਦਲ ਉੱਪਰ ਹਮਲਾ ਕਰਨ ਦੇ ਮਾਮਲੇ ਵਿੱਚ ਸਿੱਖ ਪੰਥ ਵਿੱਚੋਂ ਛੇਕਣ ਦੀ ਕੀਤੀ ਗਈ ਮੰਗ ਨੂੰ ਪੰਥਕ ਸੰਕਟ ਨੂੰ ਹੋਰ ਵਧਾਉਣ ਵਾਲੀ ਕਰਾਰ ਦਿੱਤਾ। ਉਨ੍ਹਾਂ ਨੇ ਪਿਛੋਕੜ ਦੇ ਹਵਾਲੇ ਦਿੰਦਿਆਂ ਦੱਸਿਆ ਕਿ ਪਹਿਲਾਂ ਵੀ ਪੰਥਕ ਜਜ਼ਬਾਤਾਂ ਦੇ ਜੋਸ਼ ਵਿੱਚ ਆ ਕੇ ਕਈ ਸੰਘਰਸ਼ਸ਼ੀਲ ਸਿੱਖਾਂ ਨੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਸਿੰਘ ਸਾਹਿਬਾਨ ਸਮੇਤ ਹੋਰ ਸ਼ਖਸੀਅਤਾਂ ਉੱਪਰ ਜਾਨਲੇਵਾ ਹਮਲੇ ਕੀਤੇ, ਪਰ ਉਨ੍ਹਾਂ ਵਿੱਚੋਂ ਕਿਸੇ ਨੇ ਵੀ, ਕਿਸੇ ਸਿੱਖ ਨੂੰ ਪੰਥ ਵਿੱਚੋਂ ਛੇਕਣ ਦਾ ਮੁੱਦਾ ਤੱਕ ਨਹੀਂ ਛੂਹਿਆ। ਜਿੱਥੋਂ ਤੱਕ ਸ. ਸੁਖਬੀਰ ਸਿੰਘ ਉੱਪਰ ਹੋਏ ਹਮਲੇ ਦਾ ਸਵਾਲ ਹੈ, ਇਸ ਬਾਰੇ ਭਾਈ ਨਰਾਇਣ ਸਿੰਘ ਹੀ ਖੁਲਾਸਾ ਕਰ ਸਕਦੇ ਹਨ। ਉਨ੍ਹਾਂ ਨੇ ਇਸ ਜੋਖਮ ਭਰੀ ਘਟਨਾ ਨੂੰ ਅੰਜਾਮ ਕਿਉਂ ਦਿੱਤਾ? ਉਹ ਇਸ



ਸਮੇਂ ਪੁਲਿਸ ਹਿਰਾਸਤ ਵਿੱਚ ਰਿਮਾਂਡ 'ਤੇ ਹਨ। ਜਿੱਥੋਂ ਤੱਕ ਪੰਥ ਵਿੱਚੋਂ ਛੇਕਣ ਦਾ ਸਵਾਲ ਹੈ, ਇਹ ਸਿੰਘ ਸਾਹਿਬਾਨਾਂ ਨੂੰ ਪੰਥ ਦੀ ਡੂੰਘੀ ਮੰਝਧਾਰ ਵੱਲ ਧਕੇਲਣ ਦੇ ਤੁਲ ਹੈ, ਕਿਉਂਕਿ ਇੱਕ ਪਾਸੇ ਭਾਈ ਨਰਾਇਣ ਸਿੰਘ ਵੱਲੋਂ ਸ. ਸੁਖਬੀਰ ਸਿੰਘ 'ਤੇ ਕੀਤਾ ਗਿਆ ਹਮਲਾ, ਇਸੇ ਦੌਰਾਨ ਹੀ ਉਸ ਦੀ ਖਿੱਚਧੂਹ ਕਰਦਿਆਂ ਹੋਇਆਂ ਇੱਕ ਹਵਾਈ ਫਾਇਰ ਅਤੇ ਫੜਨ ਤੋਂ ਬਾਅਦ ਭਾਈ ਨਰਾਇਣ ਸਿੰਘ ਦੀ ਕਿਸੇ ਬਾਦਲ ਦਲੀਏ ਆਗੂ ਵੱਲੋਂ ਜਾਣ-ਬੁੱਝ ਕੇ ਉਤਾਰੀ ਗਈ ਦਸਤਾਰ ਹੈ। ਦੂਜੇ ਪਾਸੇ ਸ. ਸੁਖਬੀਰ ਸਿੰਘ ਵੱਲੋਂ ਕੀਤੇ ਗਏ ਬੱਜਰ ਗੁਨਾਹ ਜਿਨ੍ਹਾਂ ਨੂੰ ਉਨ੍ਹਾਂ ਨੇ ਆਪ ਪੰਥ ਦੇ ਸਾਹਮਣੇ ਸਵੀਕਾਰਿਆ ਹੈ, ਜਿਵੇਂ ਉਨ੍ਹਾਂ ਦੀ ਸਰਕਾਰ ਸਮੇਂ ਸਿੰਘਾਂ ਦੇ ਕੀਤੇ ਗਏ ਕਤਲ, ਗੁਰੂ ਸਾਹਿਬ ਦੀ ਹੋਈ ਬੇਅਦਬੀ, ਸੌਦਾ ਸਾਧ ਦੀ ਮਾਫੀ, ਜ਼ਾਲਮ ਪੁਲਿਸ ਅਫਸਰਾਂ ਨੂੰ ਵਜ਼ੀਰੀਆਂ ਆਦਿ ਵਰਗੇ ਬੇਪਨਾਹ ਜੁਰਮ ਹਨ। ਜਿਸ ਦੇ ਸਾਹਮਣੇ ਭਾਈ ਨਰਾਇਣ ਸਿੰਘ ਦੀ ਹਮਲਾਵਰ ਘਟਨਾ ਬਹੁਤ ਬੌਣੀ ਨਜ਼ਰ ਆਏਗੀ। ਇਸ ਲਈ ਸਿੰਘ ਸਾਹਿਬਾਨ ਲਈ ਸੋਚਣ ਦਾ ਵਿਸ਼ਾ ਬਣ ਜਾਵੇਗਾ ਕਿ ਕੌਣ ਪੰਥ ਲਈ ਵੱਧ ਘਾਤਕ ਹੈ, ਕਿਸ ਨੂੰ ਪੰਥ ਵਿੱਚੋਂ ਛੇਕਿਆ ਜਾਣਾ ਚਾਹੀਦਾ ਹੈ। ਭਾਈ ਨਰਾਇਣ ਸਿੰਘ ਨੂੰ ਜਾਂ ਸ. ਸੁਖਬੀਰ ਸਿੰਘ ਨੂੰ ਇੱਥੇ ਹੀ ਬੱਸ ਨਹੀਂ, ਇਸ ਮੁੱਦੇ 'ਤੇ ਪੰਥ ਵਿੱਚ ਵੀ ਵੰਡੀਆਂ ਪੈ ਜਾਣਗੀਆਂ ਅਤੇ ਆਪੋ-ਆਪਣੇ ਪੱਖ ਲਈ ਤੂਫਾਨ ਖੜ੍ਹਾ ਹੋ ਜਾਵੇਗਾ। ਇਸ ਲਈ ਭਾਈ ਨਰਾਇਣ ਸਿੰਘ ਦੀ ਘਟਨਾ ਨੂੰ ਕਾਨੂੰਨੀ ਪ੍ਰਕਿਰਿਆ ਤੱਕ ਹੀ ਸੀਮਤ ਰਹਿਣ ਦਿੱਤਾ ਜਾਵੇ।


ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ, ਗੁਰਮਤਿ ਸੰਗੀਤ ਵਿਦਿਆਲਾ, ਨੇਤਰਹੀਣ ਅਤੇ ਅਨਾਥ ਆਸ਼ਰਮ (ਰਜਿ:) ਚੰਦੂਆਣਾ ਸਾਹਿਬ ਵਿਖੇ 14 ਤੋਂ 17 ਦਸੰਬਰ ਤੱਕ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦੀ ਲਾਸਾਨੀ ਸ਼ਹਾਦਤ


**ਸ਼ਹੀਦ** ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸ਼ਹਾਦਤ ਦੇਣ ਵਾਲਾ, ਗਵਾਹ। ਸ਼ਹੀਦ ਸੂਰਮੇ, ਅਣਖੀ ਯੋਧੇ ਕਿਸੇ ਕੌਮ ਦਾ ਸਰਮਾਇਆ ਹੁੰਦੇ ਹਨ, ਤਾਂ ਹੀ ਜ਼ਿੰਦਾ ਕੌਮਾਂ ਸ਼ਹੀਦਾਂ ਦੀ ਯਾਦ ਨੂੰ ਆਪਣੇ ਹਿਰਦੇ ਵਿੱਚ ਵਸਾਈ ਰੱਖਦੀਆਂ ਹਨ।

ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸਨ। ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਦੋਵੇਂ ਛੋਟੇ ਸਾਹਿਬਜ਼ਾਦੇ ਸਨ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1753, ਸੰਨ 1696 ਈ: ਤੇ ਬਾਬਾ ਫਤਿਹ ਸਿੰਘ ਜੀ ਦਾ ਜਨਮ ਫੱਗਣ ਸੁਦੀ 7 ਸੰਮਤ 1755, ਸੰਨ 1698 ਈ: ਨੂੰ ਮਾਤਾ ਜੀਤੋ ਜੀ ਦੇ ਉਦਰ ਤੋਂ ਹੋਇਆ।

ਪਿਆਰਾ ਸਿੰਘ ਪਦਮ ਅਨੁਸਾਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1753 ਬਿਕਰਮੀ ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਅਨੰਦਪੁਰ ਵਿੱਚ ਹੋਇਆ ਤੇ ਸ਼ਹੀਦੀ 3 ਪੋਹ ਸੰਮਤ 1762 ਬਿਕਰਮੀ ਨੂੰ ਸਰਹਿੰਦ ਵਿਖੇ ਹੋਈ। ਬਾਬਾ ਫਤਿਹ ਸਿੰਘ ਜੀ ਦਾ ਜਨਮ ਫੱਗਣ ਸੁਦੀ ਇਕਾਦਸ਼ੀ 1755 ਬਿਕਰਮੀ ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ ਅਤੇ ਸ਼ਹੀਦੀ ਸਰਹਿੰਦ ਵਿਖੇ ਹੋਈ। ਕਿਉਂਕਿ ਦੋ-ਦੋ ਸਾਹਿਬਜ਼ਾਦੇ ਇਕੱਠੇ ਸ਼ਹੀਦ ਹੋਏ, ਇਸ ਕਰਕੇ ਇਹਨਾਂ ਨੂੰ 'ਵੱਡੇ ਸਾਹਿਬਜ਼ਾਦੇ' ਤੇ 'ਛੋਟੇ ਸਾਹਿਬਜ਼ਾਦੇ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਬਾਬਾ ਜ਼ੋਰਾਵਰ ਸਿੰਘ ਜੀ ਦੀ ਸ਼ਹੀਦੀ ਸਮੇਂ ਉਮਰ ਲਗਭਗ 9 ਸਾਲ ਅਤੇ ਬਾਬਾ ਫਤਿਹ ਸਿੰਘ ਜੀ ਦੀ ਉਮਰ ਲਗਭਗ 7 ਸਾਲ ਦੀ ਸੀ। ਲਾਸਾਨੀ ਕੁਰਬਾਨੀ ਦੇ ਕਾਰਨ 'ਬਾਬਾ' ਪਦ ਨਾਲ ਵੀ ਸਨਮਾਨਿਆ ਜਾਂਦਾ ਹੈ ਅਤੇ ਹਰ ਸਿੱਖ ਰੋਜ਼ਾਨਾ ਅਰਦਾਸ ਕਰਨ ਸਮੇਂ ਇਹਨਾਂ ਦਾ ਨਾਮ ਸ਼ਰਧਾ, ਸਤਿਕਾਰ ਨਾਲ ਲੈਂਦਾ ਹੈ।

ਸਾਕਾ ਸਰਹਿੰਦ ਅਤੇ ਇਸ ਨਾਲ ਸੰਬੰਧਿਤ ਘਟਨਾਵਾਂ ਦਾ ਸਿਲਸਿਲਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰਨ ਨਾਲ ਸ਼ੁਰੂ ਹੁੰਦਾ ਹੈ। ਗੁਰੂ ਸਾਹਿਬ ਨੇ 19-20 ਦਸੰਬਰ, 5-6 ਪੋਹ 1704 ਈ: ਦੀ ਰਾਤ ਨੂੰ ਆਪਣੇ ਪਰਿਵਾਰ ਅਤੇ ਲਗਭਗ 1500 ਦੇ ਕਰੀਬ ਸਿੱਖਾਂ ਸਮੇਤ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਜਦ ਕੀਰਤਪੁਰ ਸਾਹਿਬ ਤੋਂ ਹੋ ਕੇ ਸਰਸਾ ਨਦੀ ਕੋਲ ਪਹੁੰਚੇ ਤਾਂ ਮੁਗ਼ਲ ਸੈਨਾ ਨੇ ਪਿਛਿਓਂ ਆ ਕੇ ਇੱਕ ਦਮ ਹਮਲਾ ਕਰ ਦਿੱਤਾ। ਘਸਮਾਨ ਦਾ ਯੁੱਧ ਹੋਇਆ। ਸਿੰਘਾਂ ਨੇ ਬੜੀ ਬਹਾਦਰੀ ਨਾਲ ਮੁਗ਼ਲ ਸੈਨਾ ਦਾ ਟਾਕਰਾ ਕੀਤਾ। ਗੁਰੂ ਜੀ ਨੇ ਸਰਦਾ ਨਦੀ ਪਾਰ ਕੀਤੀ। ਅੰਮ੍ਰਿਤ ਵੇਲੇ ਭਾਵ 20 ਦਸੰਬਰ 1704 ਈ: (ਸ੍ਰ: ਕੁਲਬੀਰ ਸਿੰਘ ਸਿੱਧੂ ਸਾਬਕਾ ਆਈ.ਏ.ਐਸ ਨੇ ਆਪਣੀ ਪੁਸਤਕ "ਮਾਨਵਤਾ ਦਾ ਪ੍ਰਣਾਮ ਸਰਬੰਸਦਾਨੀ ਦੇ ਨਾਮ" ਵਿੱਚ ਸੰਨ 1705 ਦਿੱਤਾ ਹੈ।) ਨੂੰ ਸਵੇਰੇ ਪਰਿਵਾਰ ਵਿਛੋੜਾ ਹੋ ਗਿਆ। ਗੁਰੂ ਜੀ ਵੱਡੇ ਸਾਹਿਬਜ਼ਾਦੇ ਤੇ ਕਈ ਸਿੰਘ ਚਮਕੌਰ ਵੱਲ ਚਲੇ ਗਏ। ਇਸ ਮੌਕੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਵਹੀਰ ਨਾਲ ਅਲੱਗ ਹੋ ਜਾਂਦੇ ਹਨ। ਗੰਗੂ ਬ੍ਰਾਹਮਣ ਉਹਨਾਂ ਨੂੰ ਆਪਣੇ ਪਿੰਡ ਸਹੇੜੀ ਨੇੜੇ ਮੋਰਿੰਡਾ ਆਪਣੇ ਘਰ ਲੈ ਗਿਆ ਤੇ ਆਰਾਮ ਕਰਨ ਲਈ ਇੱਕ ਕਮਰਾ ਦਿੱਤਾ। ਗੰਗੂ ਬ੍ਰਾਹਮਣ ਆਖਰ ਇੱਕ ਨੌਕਰ ਸੀ, ਉਹ ਗੁਰੂ ਘਰ ਦਾ ਸਿੱਖ ਨਹੀਂ ਸੀ। ਇੱਥੇ ਉਸ ਨੇ ਸਭ ਤੋਂ ਵੱਡਾ ਗੁਨਾਹ ਇਹ ਕੀਤਾ ਕਿ ਪਹਿਲਾਂ ਤਾਂ ਮਾਤਾ ਗੁਜਰੀ ਜੀ ਕੋਲ ਜੋ ਕੁਝ ਨਕਦੀ ਅਤੇ ਸੋਨਾ ਸੀ, ਉਹ ਰਾਤ ਨੂੰ ਚੋਰ ਬਣ ਕੇ ਚੋਰੀ ਕਰ ਲਿਆ ਤੇ ਸਵੇਰੇ ਚੋਰੀ ਹੋਣ ਦਾ ਡਰਾਮਾ ਰਚਿਆ। ਮਾਤਾ ਜੀ ਤਾਂ ਗੰਗੂ ਦੇ ਮਨ ਦੀ ਮਰਜ਼ੀ ਨੂੰ ਪਹਿਲਾਂ ਹੀ ਸਮਝ ਗਏ ਸਨ ਪਰ ਇਹ ਘੋਰ ਵਿਸ਼ਵਾਸਘਾਤ ਹੈ। ਗੰਗੂ ਵੱਲੋਂ ਮੁਖਬਰੀ ਕਰਨ 'ਤੇ ਮੋਰਿੰਡੇ ਦਾ ਕੋਤਵਾਲ (ਥਾਣੇਦਾਰ) 9 ਪੋਹ 23 ਦਸੰਬਰ ਨੂੰ ਮਾਤਾ ਗੁਜਰੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਕੇ ਸਰਹਿੰਦ ਲੈ ਗਿਆ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਅਗਲੀ ਕਾਰਵਾਈ ਤੱਕ ਕਿਲ੍ਹੇ ਦੇ ਠੰਡੇ ਬੁਰਜ ਵਿੱਚ ਕੈਦ ਕੀਤਾ ਗਿਆ। ਗੁਰੂ ਘਰ ਦਾ ਸੱਚਾ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਰਾਤ ਨੂੰ ਠੰਡੇ ਬੁਰਜ ਵਿੱਚ ਦਾਖ਼ਲ ਹੋ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਦੁੱਧ ਛਕਾਇਆ। ਅਗਲੇ ਦਿਨ 10 ਪੋਹ (24 ਦਸੰਬਰ) ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਹੁਕਮ ਨਾਲ ਉਸ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਪਰ ਸਾਹਿਬਜ਼ਾਦਿਆਂ ਨੇ ਸਭ ਕੁਝ ਠੁਕਰਾ ਦਿੱਤਾ। 11 ਪੋਹ (25 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਦੁਬਾਰਾ ਫਿਰ ਕਚਹਿਰੀ ਵਿੱਚ ਪੇਸ਼ ਕੀਤਾ ਗਿਆ।

ਕੁਝ ਇਤਿਹਾਸਕਾਰਾਂ ਨੇ ਇੱਕ ਹੋਰ ਘਟਨਾ ਲਿਖੀ ਹੈ:- ਨਵਾਬ ਦੇ ਅਹਿਲਕਾਰਾਂ ਨੇ ਇੱਕ ਗੋਂਦ (ਵਿਉਂਤ, ਤਜ਼ਵੀਜ਼) ਅਨੁਸਾਰ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਤੇ ਸਾਹਿਬਜ਼ਾਦਿਆਂ ਦੇ ਲੰਘਣ ਵਾਸਤੇ ਛੋਟੀ ਜਿਹੀ ਬਾਰੀ ਖੁੱਲ੍ਹੀ ਰੱਖੀ। ਵਿਉਂਤ ਇਹ ਸੀ ਕਿ ਅੰਦਰ ਦਾਖ਼ਲ ਹੋਣ ਲੱਗੇ ਸਾਹਿਬਜ਼ਾਦੇ ਸਿਰ ਝੁਕਾ ਕੇ ਲੰਘਣਗੇ ਤਾਂ ਸਾਰੇ ਦਰਬਾਰੀ ਰੌਲਾ ਪਾ ਦੇਣਗੇ, ਕਿ ਸਾਹਿਬਜ਼ਾਦੇ ਨਵਾਬ ਨੂੰ



ਸਲਾਮ ਕਰ ਰਹੇ ਹਨ।

ਦੋ ਸਿਪਾਹੀ, ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਗਏ। ਪੋਤਰਿਆਂ ਨੂੰ ਵਿਦਾ ਕਰਦਿਆਂ ਮਾਤਾ ਗੁਜਰੀ ਜੀ ਨੇ ਏਨਾ ਕਿਹਾ, "ਮੇਰੇ ਲਾਲ ! ਏਨੀ ਗੱਲ ਯਾਦ ਰੱਖਣੀ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਤੇ ਗੁਰੂ ਤੇਗ਼ ਬਹਾਦਰ ਜੀ ਦੇ ਪੋਤਰੇ ਹੋ। ਮਰਦਾਂ ਵਾਂਗ ਅਡੋਲ ਰਹਿਣਾ। ਜ਼ਾਲਮ ਸਾਹਮਣੇ ਝੁਕਣਾ ਨਹੀਂ, ਗੱਜ ਕੇ ਫਤਹਿ ਬੁਲਾਉਣੀ।" ਸਾਰੇ ਰਾਹ ਸਿਪਾਹੀ ਧਮਕੀਆਂ ਦਿੰਦੇ ਗਏ ਕਿ ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰਨਾ, ਨਹੀਂ ਤਾਂ ਅਣਿਆਈ ਮੌਤ ਮਾਰੇ ਜਾਉਗੇ। ਇਸ ਸਿੱਖਿਆ ਦਾ ਅਸਰ ਸਾਹਿਬਜ਼ਾਦਿਆਂ ਦੇ ਮਨ ਤੇ ਉਲਟਾ ਹੀ ਹੋਇਆ। ਅੱਗੇ ਜਾਂਦਿਆਂ ਨੂੰ ਸਿਰਫ ਛੋਟੀ ਬਾਰੀ ਖੁੱਲ੍ਹੀ ਵੇਖ ਕੇ ਸਾਹਿਬਜ਼ਾਦੇ ਵੈਰੀ ਦੀ ਚਾਲ ਨੂੰ ਕੁੱਝ-ਕੁੱਝ ਸਮਝ ਗਏ। ਉਹਨਾਂ ਨੂੰ ਮਾਤਾ ਗੁਜਰੀ ਦੀ ਸੁਣਾਈ ਹੋਈ ਸਾਖੀ ਯਾਦ ਆ ਗਈ। ਵੱਡੇ ਭਰਾ (ਬਾਬਾ ਜ਼ੋਰਾਵਰ ਸਿੰਘ) ਨੇ ਛੋਟੇ ਭਰਾ (ਬਾਬਾ ਫਤਿਹ ਸਿੰਘ) ਦੇ ਕੰਨ ਵਿੱਚ ਕੁਝ ਸਮਝਾਇਆ। ਸਿਪਾਹੀ ਨੇ ਕੜਕ ਕੇ ਕਿਹਾ, "ਐਧਰ ਵੇਖੋ ! ਜਿਸ ਤਰ੍ਹਾਂ ਅਗਲਾ ਸਿਪਾਹੀ ਸਲਾਮ ਕਰਦਾ ਹੋਇਆ ਕਚਹਿਰੀ ਵਿੱਚ ਦਾਖ਼ਲ ਹੁੰਦਾ ਹੈ, ਉਸੇ ਤਰ੍ਹਾਂ ਸਲਾਮ ਕਰਨਾ ਹੋਵੇਗਾ।" ਇਸ ਢੰਗ ਨਾਲ ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦੇਣ ਵਾਸਤੇ ਇੱਕ ਸਿਪਾਹੀ ਉਹਨਾਂ ਦੇ ਅੱਗੇ-ਅੱਗੇ ਬਾਰੀ ਵਿੱਚ ਦੀ ਸਿਰ ਝੁਕਾ ਕੇ ਸਲਾਮ ਕਰਦਾ ਹੋਇਆ ਲੰਘਿਆ। ਉਹਨਾਂ ਦਾ ਖ਼ਿਆਲ ਸੀ ਕਿ ਵੇਖੋ ਵੇਖੀ ਸਾਹਿਬਜ਼ਾਦੇ ਵੀ ਉਸੇ ਤਰ੍ਹਾਂ ਕਰਨਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਛੋਟੇ ਭਰਾ ਦੇ ਅੱਗੇ ਚੱਲ ਪਿਆ। ਉਸ ਨੇ ਪਹਿਲਾਂ ਬਾਰੀ ਵਿੱਚੋਂ ਪੈਰ ਲੰਘਾਏ ਤੇ ਫਿਰ ਸਿਰ ਲੰਘਾਇਆ। ਵੱਡੇ ਭਰਾ ਵੱਲ ਵੇਖ ਕੇ ਛੋਟੇ ਨੇ ਵੀ ਉਸੇ ਤਰ੍ਹਾਂ ਕੀਤਾ। ਨਵਾਬ ਦੇ ਸਾਹਮਣੇ ਨਿਧੜਕ ਖੜ੍ਹੇ ਹੋ ਕੇ ਦੋਹਾਂ ਸਾਹਿਬਜ਼ਾਦਿਆਂ ਨੇ ਗੱਜ ਕੇ ਫਤਿਹ ਬੁਲਾਈ। ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਗੁੱਸੇ ਨਾਲ ਬਹੁਤਿਆਂ ਦੇ ਮੱਥੇ ਉੱਤੇ ਵੱਟ ਪੈ ਗਏ। "ਤੁਹਾਨੂੰ ਸਮਝ ਨਹੀਂ ਕਿ ਮੁਲਜ਼ਮ ਨੂੰ ਕਿਵੇਂ ਪੇਸ਼ ਕੀਤਾ ਜਾਂਦਾ ਹੈ ਵਜ਼ੀਰ ਖਾਂ ਨੇ ਮੱਥੇ 'ਤੇ ਤਿਊੜੀਆਂ ਪਾ ਕੇ ਲਿਆਉਣ ਵਾਲੇ ਸਿਪਾਹੀਆਂ ਨੂੰ ਕਿਹਾ। ਜਨਾਬ ! ਅਸੀਂ ਤਾਂ ਸਾਰੇ ਰਸਤੇ ਇਹਨਾਂ ਨੂੰ ਸਮਝਾਉਂਦੇ ਆਏ ਹਾਂ, ਪਰ ਇਹ....। ਸਿਪਾਹੀਆਂ ਨੇ ਆਪਣਾ ਪੱਖ ਪੇਸ਼ ਕੀਤਾ।÷

ਵਜ਼ੀਰ ਖਾਂ ਦਾ ਪੇਸ਼ਕਾਰ (ਮੁਨਸ਼ੀ) ਇੱਕ ਹਿੰਦੂ, ਸੁੱਚਾ ਨੰਦ ਸੀ। ਉਸ ਨੇ ਸਾਹਿਬਜ਼ਾਦਿਆਂ ਨੂੰ ਪਲੋਸਦਿਆਂ ਬੜੀ ਮਿੱਠੀ ਸੁਰ ਵਿੱਚ ਕਿਹਾ, "ਬਾਲਕੋ ! ਮੈਂ ਹਿੰਦੂ ਹਾਂ। ਤੁਹਾਡੇ ਨਾਲ ਮੈਨੂੰ ਹਮਦਰਦੀ ਹੈ। ਜਾਣਦੇ ਓ, ਤੁਹਾਡੇ ਪਿਤਾ ਜੀ, ਤੇ ਦੋਵੇਂ ਵੱਡੇ ਭਰਾ ਚਮਕੌਰ ਵਿਖੇ ਸਾਰੇ ਸਿੱਖਾਂ ਸਮੇਤ ਮਾਰੇ ਗਏ ਹਨ। ਗੁਸਤਾਖ਼ੀ ਕਰੋਗੇ ਤਾਂ ਤੁਸੀਂ ਵੀ ਮਾਰੇ ਜਾਉਗੇ। ਨਵਾਬ ਸਾਹਿਬ ਬੜੇ ਰਹਿਮ-ਦਿਲ ਹਨ। ਸਲਾਮ ਕਰਕੇ ਹਜ਼ੂਰ ਤੋਂ ਮਾਫ਼ੀ ਮੰਗ ਲਉ। ਨਹੀਂ ਤਾਂ ਬੜੇ ਤਸੀਹੇ ਦੇ ਕੇ ਮਾਰੇ ਜਾਉਗੇ।" ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਬੜੇ ਨਿਧੜਕ ਤੇ ਨਿਰਭੈਤਾ ਨਾਲ ਸੁੱਚਾ ਨੰਦ ਵੱਲ ਵੇਖਦਿਆਂ ਕਿਹਾ, "ਸਾਡੇ ਪਿਤਾ ਜੀ ਨੂੰ ਕੋਈ ਮਾਰ ਨਹੀਂ ਸਕਦਾ ਅਤੇ ਨਾ ਹੀ ਕਿਸੇ ਤੋਂ ਅਸੀਂ ਡਰਦੇ ਹਾਂ। ਅਸੀਂ ਫਤਿਹ ਬੁਲਾਈ ਹੈ ਤੇ ਫਤਿਹ ਬੁਲਾਉਂਦੇ ਰਹਾਂਗੇ। ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਅਸੀਂ ਨਹੀਂ। ਜੋ ਤੁਹਾਡਾ ਦਿਲ ਆਵੇ, ਕਰ ਲਵੋ।" ਇਸ ਦਲੇਰੀ ਭਰੇ ਉੱਤਰ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਇੱਕ ਪਾਸੇ ਸਾਹਿਬਜ਼ਾਦਿਆਂ ਨੂੰ ਰੱਜ ਕੇ ਧਮਕਾਇਆ ਗਿਆ ਤੇ ਦੂਸਰੇ ਪਾਸੇ ਹਰ ਤਰ੍ਹਾਂ ਦੇ ਲਾਲਚ ਵਿਖਾਏ ਗਏ। ਜਾਗੀਰਾਂ, ਨਵਾਬੀਆਂ ਤੇ ਅਣਡਿੱਠੇ ਬਹਿਸ਼ਤ (ਸਵਰਗ) ਦੇ ਲਾਰੇ ਦਿੱਤੇ ਗਏ, ਪਰ ਉਹ ਬੀਰ-ਬਾਲਕ ਕਿਸੇ ਝਾਂਸੇ ਵਿੱਚ ਨਾ ਆਏ। ਅੰਤ ਗੁੱਸੇ ਵਿੱਚ ਆ ਕੇ ਵਜ਼ੀਰ ਖਾਂ ਨੇ ਕਿਹਾ, "ਬੇ-ਸਮਝ ਬਾਲਕੋ ! ਮੇਰੀ ਆਖਰੀ ਸ਼ਰਤ ਸੁਣ ਲਵੋ, ਜਾਂ ਇਸਲਾਮ ਪ੍ਰਵਾਨ ਕਰ ਲਵੋ, ਨਹੀਂ ਤਾਂ ਸਖ਼ਤ ਤਸੀਹੇ ਦੇ ਕੇ ਮਾਰੇ ਜਾਉਗੇ।" "ਅਸੀਂ ਮੌਤ ਜਾਂ ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਨਹੀਂ। ਆਪਣੇ ਦਾਦੇ ਵਾਂਗ ਸ਼ਹੀਦ ਹੋ ਜਾਵਾਂਗੇ ਪਰ ਤੇਰਾ ਦੀਨ ਨਹੀਂ ਮੰਨਾਂਗੇ।" ਸਾਹਿਬਜ਼ਾਦਿਆਂ ਨੇ ਉਸੇ ਤਰ੍ਹਾਂ ਹੀ ਦਲੇਰੀ ਨਾਲ ਉੱਤਰ ਦਿੱਤਾ।

ਉਸ ਵੇਲੇ ਕਚਹਿਰੀ ਵਿੱਚ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਵਾਲਾ ਵੀ ਬੈਠਾ ਸੀ। ਵਜ਼ੀਰ ਖਾਂ ਨੇ ਉਸ ਨੂੰ ਸੰਬੋਧਨ ਕਰਕੇ ਕਿਹਾ, "ਖ਼ਾਨ ਸਾਹਿਬ ! ਚਮਕੌਰ ਵਿੱਚ ਗੁਰੂ ਜੀ ਨੇ ਤੁਹਾਡੇ ਭਰਾ ਨਾਹਰ ਖਾਂ ਨੂੰ ਕਤਲ ਕੀਤਾ ਸੀ। ਤੁਸੀਂ ਇਹਨਾਂ ਦੋਹਾਂ ਨੂੰ ਕਤਲ ਕਰਕੇ ਆਪਣੇ ਭਰਾ ਦਾ ਬਦਲਾ ਲੈ ਲਵੋ।" "ਨਵਾਬ ਸਾਹਿਬ ! ਮੇਰਾ ਭਰਾ-ਭਤੀਜੇ ਮੈਦਾਨ ਵਿੱਚ ਲੜਦੇ ਹੋਏ ਮਾਰੇ ਗਏ ਹਨ। ਅੱਜ ਵੀ ਗੁਰੂ ਮੇਰੇ ਸਾਹਮਣੇ ਆ ਜਾਏ ਤਾਂ ਮੈਂ ਮਰਦਾਂ ਵਾਂਗ ਮੈਦਾਨ ਵਿੱਚ ਉਸ ਤੋਂ ਬਦਲਾ ਲਵਾਂਗਾ। ਇਹਨਾਂ ਮਾਸੂਮ ਬੱਚਿਆਂ ਨੂੰ ਇਹਨਾਂ ਦੇ ਪਿਤਾ ਦੀ ਕੀਤੀ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਬੇਗੁਨਾਹ ਹਨ। ਇਸਲਾਮੀ ਸ਼ਰਾ ਵਿੱਚ ਮਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨਾ ਪਾਪ ਹੈ। ਮੇਰੀ ਸਲਾਹ ਹੈ, ਇਹਨਾਂ ਨੂੰ ਛੱਡ ਦੇਣਾ ਚਾਹੀਦਾ ਹੈ।" ਆਹ ਦਾ ਨਾਅਰਾ ਮਾਰ ਕੇ ਸ਼ੇਰ ਮੁਹੰਮਦ ਖਾਂ ਕਚਹਿਰੀ ਵਿੱਚੋਂ ਉੱਠ ਕੇ ਚਲਾ ਗਿਆ।

ਸ਼ੇਰ ਮੁਹੰਮਦ ਖਾਂ ਦੀ ਰਾਏ ਦੀ ਕਿਸੇ ਪ੍ਰਵਾਹ ਨਾ ਕੀਤੀ। ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਵਾਸਤੇ ਕਚਹਿਰੀ ਦੇ ਹਾਤੇ ਵਿੱਚ ਹੀ ਕੰਧ ਉਸਾਰਨ ਦਾ ਪ੍ਰਬੰਧ ਕੀਤਾ ਗਿਆ। ਕੰਧ ਗਰਦਨ ਤੱਕ ਆ ਗਈ। ਦੋਵੇਂ ਸਾਹਿਬਜ਼ਾਦੇ ਬੇਹੋਸ਼ ਹੋ ਕੇ ਇੱਕ ਪਾਸੇ ਉਲਰ ਪਏ। ਉਹਨਾਂ ਦੇ ਭਾਰ ਨਾਲ ਉਸ ਪਾਸਿਓਂ ਕੰਧ ਵੀ ਡਿੱਗ ਪਈ। ਕਈ ਵਿਦਵਾਨਾਂ ਨੇ ਲਿਖਿਆ ਹੈ ਕਿ ਕੰਧ ਉਸਾਰਨ ਦਾ ਮਕਸਦ ਸਾਹਿਬਜ਼ਾਦਿਆਂ ਨੂੰ ਡਰਾਉਣਾ ਹੀ ਸੀ। ਪ੍ਰਸਿੱਧ ਵਿਦਵਾਨ ਤੇ ਖੋਜੀ ਪ੍ਰੋਫ਼ੈਸਰ ਹਰਬੰਸ ਸਿੰਘ ਨੇ ਆਪਣੀ ਪੁਸਤਕ "ਗੁਰੂ ਗੋਬਿੰਦ ਸਿੰਘ ਜੀ" ਦੇ ਪੰਨਾ 121 ਉੱਤੇ ਲਿਖਿਆ ਹੈ ਕਿ "ਇਸੇ ਬੇਹੋਸ਼ੀ ਦੀ ਹਾਲਤ ਵਿੱਚ ਸਾਹਿਬਜ਼ਾਦਿਆਂ ਨੂੰ ਵਾਪਸ ਜ਼ੇਲ੍ਹ ਵਿੱਚ ਲੈ ਜਾਇਆ ਗਿਆ। ਜਿੱਥੇ ਕੁਝ ਸਮੇਂ ਬਾਅਦ ਉਹ ਹੋਸ਼ ਵਿੱਚ ਆ ਗਏ।" ਉਹਨਾਂ ਨੇ ਕਚਹਿਰੀ ਵਿੱਚ ਹੋਈ ਬੀਤੀ ਸਾਰੀ ਵਾਰਤਾ ਮਾਤਾ ਗੁਜਰੀ ਜੀ ਨੂੰ ਕਹਿ ਸੁਣਾਈ।



ਅਗਲੇ ਦਿਨ 12 ਪੋਹ (26 ਦਸੰਬਰ) ਨੂੰ ਚੁੱਪ ਵਰਤੀ। ਵਜ਼ੀਰ ਖਾਂ ਦੇ ਅਹਿਲਕਾਰਾਂ (ਸਿਪਾਹੀਆਂ) ਨੇ ਮਾਤਾ ਗੁਜਰੀ ਨੂੰ ਸੋਚਣ ਲਈ ਇੱਕ ਦਿਨ ਦੀ ਮੁਹਲਤ ਦਿੱਤੀ। ਆਪ ਇਸਲਾਮ ਕਬੂਲ ਕਰਕੇ ਆਪਣੀ ਅਤੇ ਬੱਚਿਆਂ ਦੀ ਜਾਨ ਬਚਾ ਸਕਦੇ ਹੋ।

27 ਦਸੰਬਰ (13 ਪੋਹ) ਨੂੰ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਸਤੇ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਕਈ ਤਰ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਸਵਾਲ ਕੀਤੇ ਤੇ ਲਾਲਚ ਦਿੱਤੇ ਪਰ ਸਾਹਿਬਜ਼ਾਦੇ ਸ਼ਾਂਤ ਤੇ ਅਡੋਲ ਰਹੇ। ਸੂਬੇਦਾਰ ਨੇ ਆਪਣੀ ਹਾਰ ਦੇਖ ਕੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਨ ਦਾ ਹੁਕਮ ਦੇ ਦਿੱਤਾ। ਕੋਈ ਵੀ ਜਲਾਦ ਇਸ ਅੱਤ ਦੇ ਜ਼ੁਲਮ ਵਾਸਤੇ ਤਿਆਰ ਨਹੀਂ ਸੀ। ਸਮਾਣੇ ਦੇ ਦੋ ਜਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਕਿਸੇ ਮੁਕਦਮੇ ਵਿੱਚ ਫਸੇ ਹੋਏ ਸਨ। ਉਹਨਾਂ ਉੱਠ ਕੇ ਸੂਬੇਦਾਰ ਨੂੰ ਬੇਨਤੀ ਕੀਤੀ, "ਜੇਕਰ ਸਾਡਾ ਜੁਰਮ ਮਾਫ਼ ਕਰ ਦਿੱਤਾ ਜਾਵੇ ਤਾਂ ਅਸੀਂ ਇਹ ਕੰਮ ਕਰਨ ਵਾਸਤੇ ਤਿਆਰ ਹਾਂ।" ਉਹਨਾਂ ਦੀ ਇਹ ਬੇਨਤੀ ਮੰਨ ਲਈ ਗਈ।

ਜਲਾਦਾਂ ਨੇ ਸਾਹਿਬਜ਼ਾਦਿਆਂ ਦੇ ਸਿਰ ਧੜ ਨਾਲੋਂ ਵੱਖ ਕਰ ਦਿੱਤੇ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਾਹਿਬਜ਼ਾਦਿਆਂ ਦੇ ਸਿਰ ਕਲਮ ਕੀਤੇ ਗਏ ਦੱਸਿਆ ਹੈ। ਸਿੱਖ ਪੰਥ ਦਾ ਮਹਾਨ ਵਿਦਵਾਨ ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਲਿਖਦਾ ਹੈ।

**ਦੈ ਗੋਡੇ ਹੇਠ, ਕਰ ਜ਼ਿਬਹ ਡਾਰੋ ।।**
**ਤੜਫ, ਤੜਫ਼ ਗਈ ਜਿੰਦ ਉਡਾਇ ।।**

(ਜਿਬਹ, ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਛੁਰੀ ਨਾਲ ਹਲਾਲ ਕਰਨਾ) ਕਈ ਲੇਖਕਾਂ ਨੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕੀਤਾ ਗਿਆ ਲਿਖਿਆ ਹੈ। ਅਨੇਕਾਂ ਚਿੱਤਰਕਾਰਾਂ ਨੇ ਵੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਦਿਆਂ ਦੀਆਂ ਤਸਵੀਰਾਂ ਬਣਾਈਆਂ ਹਨ/ ਤਿਆਰ ਕੀਤੀਆਂ ਹਨ। ਜਦੋਂ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਦੀ ਖਬਰ ਸੁਣੀ ਤਾਂ ਉਹ ਬੇਹੋਸ਼ ਹੋ ਗਏ, ਤੇ ਦੁਬਾਰਾ ਹੋਸ਼ ਵਿੱਚ ਨਾ ਆਏ।

ਗੁਰੂ ਘਰ ਦੇ ਅਨਿੰਨ ਸੇਵਕ ਦੀਵਾਨ ਟੋਡਰ ਮੱਲ ਨੇ ਨਵਾਬ ਵਜ਼ੀਰ ਖਾਂ ਪਾਸੋਂ ਜ਼ਮੀਨ ਮੁੱਲ ਲੈ ਕੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ, ਮਾਤਾ ਗੁਜਰ ਕੌਰ ਦਾ ਸਸਕਾਰ ਕੀਤਾ। ਜਿੱਥੇ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਅੰਤਿਮ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸ਼੍ਰੀ ਜੋਤੀ ਸਰੂਪ ਕਾਇਮ ਹੈ। ਇਹ ਗੁਰਦੁਆਰਾ ਸਰਹਿੰਦ-ਚੂੰਗੀ ਸੜਕ ਤੇ ਸਥਿਤ ਹੈ। ਗੁਰਦੁਆਰਾ ਸ਼੍ਰੀ ਫਤਿਹਗੜ੍ਹ ਸਾਹਿਬ ਸਰਹਿੰਦ-ਮੋਰਿੰਡਾ ਸੜਕ ਤੇ ਸਥਿਤ ਹੈ।

ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ, ਗੁਰਮਤਿ ਸੰਗੀਤ ਵਿਦਿਆਲਾ, ਨੇਤਰਹੀਣ ਅਤੇ ਅਨਾਥ ਆਸ਼ਰਮ (ਰਜਿ:) ਚੰਦੂਆਣਾ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 14 ਦਸੰਬਰ ਤੋਂ 17 ਦਸੰਬਰ ਤੱਕ ਕਰਵਾਇਆ ਜਾ ਰਿਹਾ ਹੈ। 14 ਦਸੰਬਰ ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਨਗਰ-ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਚੰਦੂਆਣਾ ਸਾਹਿਬ ਤੋਂ ਆਰੰਭ ਹੋ ਕੇ ਪਿੰਡ ਛੀਨੀਵਾਲ ਖੁਰਦ, ਦੀਵਾਨਾ, ਨਰਾਇਣਗੜ੍ਹ ਸੋਹੀਆਂ, ਗਹਿਲਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਚੰਦੂਆਣਾ ਸਾਹਿਬ ਪਹੁੰਚ ਸਮਾਪਤ ਹੋਵੇਗਾ। 15 ਦਸੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ਼੍ਰੀ ਅਖੰਡ-ਪਾਠ ਸਾਹਿਬ ਆਰੰਭ ਹੋਵੇਗਾ, ਜਿਸ ਦੀ ਸਮਾਪਤੀ 17 ਦਸੰਬਰ ਦਿਨ ਮੰਗਲਵਾਰ ਨੂੰ ਸਵੇਰੇ 9 ਵਜੇ ਹੋਵੇਗੀ। ਉਪਰੰਤ ਵਿਸ਼ੇਸ਼ ਦੀਵਾਨ ਵਿੱਚ ਕੀਰਤਨੀ ਜਥੇ ਅਤੇ ਸ੍ਰ: ਮੱਖਣ ਸਿੰਘ ਸਿੱਧੂ ਸੇਲਬਰਾਹ ਢਾਡੀ ਜੱਥਾ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਗੁਰਬਾਣੀ ਦੇ ਕੀਰਤਨ ਦੁਆਰਾ ਨਿਹਾਲ ਕਰਨਗੇ। 18 ਦਸੰਬਰ ਦਿਨ ਬੁੱਧਵਾਰ ਨੂੰ ਅੰਮ੍ਰਿਤ ਸੰਚਾਰ, ਦਸਮੇਸ਼ ਸੇਵਕ ਜੱਥਾ ਲੁਧਿਆਣਾ ਵੱਲੋਂ ਕਰਵਾਇਆ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਬਾਬਾ ਸੂਬਾ ਸਿੰਘ ਜੀ ਮੁੱਖ ਸੇਵਾਦਾਰ ਵੱਲੋਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

**ਕਰਨੈਲ ਸਿੰਘ ਐੱਮ.ਏ.**
# 1138/63-ਏ, ਗੁਰੂ ਤੇਗ. ਬਹਾਦਰ ਨਗਰ,
ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਂਕ ਅਤੇ ਦਸ਼ਮੇਸ਼ ਹੈਰੀਟੇਜ਼ ਪਬਲਿਕ ਸਕੂਲ ਮਹਿਤਾ ਚੌਂਕ ਵਿਖੇ

# ਸਲਾਨਾ ਖੇਡ ਸਮਾਗਮ ਦਾ ਤੀਸਰਾ ਦਿਨ ਰਿਹਾ ਸ਼ਾਨਦਾਰ



**ਚੌਂਕ ਮਹਿਤਾ 13 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਮਹਿਤਾ ਚੌਂਕ ਵਿਖੇ ਚੱਲ ਰਹੇ ਚਾਰ ਰੋਜ਼ਾ ਖੇਡ ਸਮਾਗਮ ਵਿੱਚ ਅੱਜ ਤੀਸਰੇ ਦਿਨ ਇਨਾਮ ਵੰਡ ਸਮਾਰੋਹ ਕਰਵਾਏ ਗਏ ।ਸਾਹਿਬ -ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਕਰਵਾਏ ਜਾ ਰਹੇ ਇਸ ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ ਦੁਆਰਾ ਵੱਧ ਚੜ ਕੇ ਹਿੱਸਾ ਲਿਆ ਜਾ ਰਿਹਾ ਹੈ ।ਅੱਜ ਦੇ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਤਿਕਾਰਯੋਗ ਸ਼੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਜੀ (ਐਮ.ਐਲ.ਏ.ਹਲਕਾ ਉੱਤਰੀ ਅੰਮ੍ਰਿਤਸਰ )ਨੇ ਵਿਸ਼ੇਸ਼ ਸ਼ਿਰਕਤ ਕੀਤੀ ।ਉਹਨਾਂ ਵੱਲੋਂ ਵਿਸ਼ੇਸ਼ ਪ੍ਰਾਪਤੀਆਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਅੱਜ ਦੇ ਇਸ ਖੇਡ ਸਮਾਗਮ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਤੀਯੋਗਤਾਵਾਂ ਰਨ ਐਂਡ ਕੁਲੈਕਟ,ਅੰਬਰੇਲਾ ਰੇਸ,400 ਮੀਟਰ ਰੀਲੇਅ ਰੇਸ(ਜੂਨੀਅਰ ਗਰਲਜ,ਬੁਆਇਜ)400 ਮੀਟਰ,400 ਮੀਟਰ ਰੀਲੇਅ ਰੇਸ ਸੀਨੀਅਰ ਬੁਆਇਜ,ਆਕਟੋਪਸ ਰੇਸ (ਇੰਟਰ ਹਾਊਸ) ਵਿੱਚ ਹਿੱਸਾ ਲਿਆ ।ਬੱਚਿਆਂ ਦੁਆਰਾ ਐਥਲੀਟ ਪ੍ਰਤੀਯੋਗਤਾਵਾਂ ਤੋਂ ਇਲਾਵਾ ਧੰਨ ਧੰਨ ਦਸਮ ਪਾਤਸ਼ਾਹ ,ਸਰਬੰਸਦਾਨੀ,ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਚਾਰ ਸਾਹਿਬਜ਼ਾਦਿਆਂ ਨਾਲ ਸਬੰਧਿਤ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਵੀ ਇੰਟਰ-ਹਾਊਸ ਮੁਕਾਬਲਿਆਂ ਰਾਂਹੀ ਪੇਸ਼ ਕੀਤੀ ਗਈ ।ਜਿਸ ਵਿੱਚ ਦਸ਼ਮੇਸ਼ ਪਬਲਿਕ ਸੀਨੀ.ਸੈਕੰ ਸਕੂਲ ਤੋਂ ਬਿਆਸ ਹਾਊਸ ਪਹਿਲੇ ਨੰਬਰ ਤੇ ਰਿਹਾ ਅਤੇ ਸਤਲੁਜ ਹਾਊਸ,ਦੂਸਰੇ ਨੰਬਰ ਤੇ ਰਿਹਾ ।ਰਾਵੀ ਹਾਊਸ, ਇਹਨਾਂ ਮੁਕਾਬਲਿਆਂ ਵਿੱਚ ਤੀਸਰੇ ਨੰਬਰ ਤੇ ਰਿਹਾ ।ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਵਿੱਚ ਪੈਸੀਫਿਕ ਹਾਊਸ ਪਹਿਲੇ ਨੰਬਰ ਤੇ ,ਐਟਲੈਟਿਕ ਹਾਊਸ ਦੂਜੇ ਨੰਬਰ ਤੇ,ਇੰਡੀਅਨ ਹਾਊਸ ਤੀਸਰੇ ਨੰਬਰ ਤੇ ਰਿਹਾ ।ਇਸ ਸਮਾਗਮ ਮੌਕੇ ਪਹੁੰਚੇ ਸਤਿਕਾਰਯੋਗ ਸ਼੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਜੀ (ਐਮ.ਐਲ.ਏ,ਹਲਕਾ ਅੰਮ੍ਰਿਤਸਰ ਉੱਤਰੀ )ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਬਹੁਤ ਖੁਸ਼ੀ ਦੀ ਗੱਲ ਹੈ ਕਿ ਇਹ ਖੇਡ ਸਮਾਗਮ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਕੀਤਾ ਗਿਆ ।ਉਹਨਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਦਸ਼ਮੇਸ਼ ਵਿੱਦਿਅਕ ਸੰਸਥਾ ਦੁਆਰਾ ਚੰਗੀ ਪੜਾਈ ਦੇ ਨਾਲ-ਨਾਲ ਬੱਚਿਆਂ ਨੂੰ ਵਿਰਸੇ ਦੇ ਨਾਲ ਵੀ ਜੋੜ ਕੇ ਰੱਖਿਆਂ ਜਾ ਰਿਹਾ ਹੈ ।ਉਹਨਾਂ ਕਿਹਾ ਕਿ ਦਸ਼ਮੇਸ਼ ਪਿਤਾ ਦੀ ਅਦੁੱਤੀ ਸ਼ਹਾਦਤ ਕਾਰਨ ਹੀ ਤੁਸੀਂ ਇਹੋ ਜਿਹੇ ਸਿੱਖੀ ਸਰੂਪ ਵਿੱਚ ਹੋ ।ਉਹਨਾਂ ਨੇ ਬੱਚਿਆਂ ਨੂੰ ਖੇਡਾਂ ਦੇ ਨਾਲ-ਨਾਲ ਪੜਾਈ ਨੂੰ ਹਮੇਸ਼ਾ ਜਾਰੀ ਰੱਖਣ ਲ਼ਈ ਕਿਹਾ । ਦਸ਼ਮੇਸ਼ ਵਿੱਦਿਅਕ ਸੰਸ਼ਥਾਵਾ ਦੇ ਚੇਅਰਮੈਨ ਸ.ਗੁਰਦੀਪ ਸਿੰਘ ਜੀ ਰੰਧਾਵਾ ਅਤੇ ਮੈਨੇਜਰ ਸ.ਹਰਸ਼ਦੀਪ ਸਿੰਘ ਰੰਧਾਵਾ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆਂ ।ਉਹਨਾਂ ਦੁਆਰਾ ਜੇਤੂ ਵਿਦਿਆਰਥੀਆਂ ਨੂੰ ਵਧਾਈ ਵੀ ਦਿੱਤੀ ਗਈ ।ਇਸ ਤੋਂ ਇਲਾਵਾ ਇਸ ਸਮਾਗਮ ਮੌਕੇ ਸ.ਗਗਨਦੀਪ ਸਿੰਘ ,ਮੈ.ਗੁਰਬੀਰ ਕੌਰ,ਮੈ.ਹਰਪ੍ਰੀਤ ਕੌਰ ,ਸਰ ਮਨਪ੍ਰੀਤ ਸਿੰਘ ਟੱਕਰ ,ਡਾ.ਜਤਿੰਦਰ ਸ਼ਰਮਾ ,ਪ੍ਰਿੰ.ਗੁਰਦੀਪ ਸਿੰਘ ਜਲਾਲ ਉਸਮਾਂ,ਪ੍ਰਿੰ.ਤੇਜਬੀਰ ਸਿੰਘ ਸੋਹਲ,ਪ੍ਰਿੰ.ਮਨਦੀਪ ਸਿੰਘ,ਸ.ਅਨੂਜੀਤ ਸਿੰਘ ਵਾਲੀਆਂ ,ਸ.ਅਮਨਪਾਲ ਸਿੰਘ,ਸ.ਕਰਨਦੀਪ ਸਿੰਘ,ਕੈਪਟਨ ਜੋਗਿੰਦਰ ਸਿੰਘ ਅਤੇ ਹੋਰ ਨਾਮੀ ਸ਼ਖਸ਼ੀਅਤਾਂ ਹਾਜ਼ਰ ਸਨ।

**ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਤਿਕਾਰਯੋਗ ਕੁੰਵਰ ਵਿਜੇ ਪ੍ਰਤਾਪ ਜੀ (ਐਮ.ਐਲ.ਏ. ਹਲਕਾ ਉੱਤਰੀ ਅੰਮ੍ਰਿਤਸਰ ਨੇ ਵਿਸ਼ੇਸ਼ ਸ਼ਿਰਕਤ ਕੀਤੀ।**

ਮਗਸੀਪਾ ਵੱਲੋਂ 'ਸੇਵਾਉੱਤਮ' ਵਿਸ਼ੇ 'ਤੇ

# ਦੋ ਰੋਜ਼ਾ ਸਿਖਲਾਈ ਪ੍ਰੋਗਰਾਮ ਦਾ ਆਯੋਜਨ



**ਸੰਗਰੂਰ ( ਰਣਜੀਤ ਸਿੰਘ ਪੇਧਨੀ)**-ਮਹਾਤਮਾ ਗਾਂਧੀ ਸਟੇਟ ਇੰਸਟੀਟਿਊਟ ਆਫ ਪਬਲਿਕ ਐਡਮਿਨਿਸਟਰੇਸ਼ਨ (ਮਗਸੀਪਾ) ਪੰਜਾਬ ਦੇ ਖੇਤਰੀ ਕੇਂਦਰ ਪਟਿਆਲਾ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਦੇ ਸਹਿਯੋਗ ਨਾਲ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਆਡੀਟੋਰੀਅਮ ਵਿਖੇ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ' ਸੇਵਾਉੱਤਮ ' ਵਿਸ਼ੇ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਦੇ ਤਹਿਤ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਮ ਲੋਕਾਂ ਤੱਕ ਮਿਆਰੀ ਜਨਤਕ ਸੇਵਾਵਾਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਦੀਆਂ ਤਕਨੀਕਾਂ ਬਾਰੇ ਜਾਣੂ ਕਰਵਾਇਆ ਗਿਆ। ਸਿਖਲਾਈ ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਵਿੱਚ ਮਗਸੀਪਾ ਦੇ ਪ੍ਰੋਜੈਕਟ ਕੋਆਰਡੀਨੇਟਰ ਅਮਰਜੀਤ ਸਿੰਘ ਸੋਢੀ ਨੇ ਸਿਖਲਾਈ ਦੇ ਉਦੇਸ਼ਾਂ ਅਤੇ ਮਹੱਤਵ ਬਾਰੇ ਜਾਣਕਾਰੀ ਦਿੱਤੀ।ਉਹਨਾਂ ਦੱਸਿਆ ਕਿ ਇਹ ਪ੍ਰੋਗਰਾਮ ਖੇਤਰੀ ਪ੍ਰੋਜੈਕਟ ਡਾਇਰੈਕਟਰ ਇੰਦਰਬੀਰ ਕੌਰ ਮਾਨ ਦੀ ਅਗਵਾਈ ਹੇਠ ਉਲੀਕਿਆ ਗਿਆ ਹੈ। ਇਸ ਦੌਰਾਨ ਵਿਸ਼ਾ ਮਾਹਿਰ ਡੀ.ਸੀ ਗੁਪਤਾ (ਆਈ.ਡੀ.ਏ.ਐਸ ਰਿਟਾਇਰਡ) ਯਸ਼ਪਾਲ ਮਾਨਵੀ ਸਹਾਇਕ ਡਾਇਰੈਕਟਰ (ਰਿਟਾਇਰਡ) ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਸਤੀਸ਼ ਕੁਮਾਰ ਬਾਂਸਲ ਜ਼ਿਲ੍ਹਾ ਤਕਨੀਕੀ ਕੋਆਰਡੀਨੇਟਰ, ਡੀਸੀ ਦਫਤਰ ਸੰਗਰੂਰ ਵੱਲੋਂ ਸਿਟੀਜਨ ਚਾਰਟਰ ਅਤੇ ਸ਼ਿਕਾਇਤ ਨਿਵਾਰਨ ਮੈਕੇਨਿਜ਼ਮ, ਟਰਾਂਸਪੇਰੈਂਸੀ ਅਤੇ ਅਕਾਊਂਟੇਬਿਲਿਟੀ ਐਕਟ 2018, ਹਾਂ ਪੱਖੀ ਰੱਵਈਆ, ਚੰਗਾ ਵਿਵਹਾਰ, ਪੀ.ਜੀ.ਆਰ.ਐਸ,ਈ-ਸੇਵਾ ਪੋਰਟਲ,ਆਰ.ਟੀ.ਆਈ ਐਕਟ-2005 ਆਦਿ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ। ਭਾਗੀਦਾਰਾਂ ਵੱਲੋਂ ਵਿਸ਼ਾ ਮਾਹਿਰਾਂ ਨਾਲ ਸਵਾਲ ਜਵਾਬ ਵੀ ਕੀਤੇ ਗਏ।

# ਐੱਸ ਪੀ ਸਤਿਗੁਰੂ ਫਾਈਨਾਂਸ ਕੰਪਨੀ ਨੇ ਕੀਤਾ ਦਫਤਰ ਦਾ ਉਦਘਾਟਨ



**ਚੌਂਕ ਮਹਿਤਾ 13 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੰਤ ਬਾਬਾ ਗੁਰਬਚਨ ਸਿੰਘ ਖਾਲਸਾ ਅਕੈਡਮੀ ਮਹਿਤਾ ਦੇ ਨਜ਼ਦੀਕ ਸਾਹਮਣੇ ਬਜ਼ਾਰ ਵਿੱਚ ਐੱਸਪੀ ਸਤਿਗੁਰੂ ਫਾਈਨਾਂਸ ਕੰਪਨੀ ਦੇ ਮਾਲਕ ਪ੍ਰਕਾਸ਼ ਸਿੰਘ ਫੌਜੀ ਸੈਦੋਲੇਹਲ, ਸੁਖਬੀਰ ਸਿੰਘ ਮਹਿਤਾ ਚੌਂਕ, ਤੇ ਸਿਕੰਦਰ ਸਿੰਘ ਬੱਲਪੁਰੀਆ ਵੱਲੋਂ ਰੀਬਨ ਕੱਟ ਕੇ ਦਫਤਰ ਦਾ ਉਦਘਾਟਨ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਕਾਸ਼ ਸਿੰਘ ਫੌਜੀ ਨੇ ਦੱਸਿਆ ਸਾਡੀ ਕੰਪਨੀ ਵਲੋਂ ਲੋੜਵੰਦਾਂ ਨੂੰ ਅਸਾਨ ਕਿਸ਼ਤਾਂ ਤੇ ਲੋਨ ਦਿੱਤਾ ਜਾਂਦਾ ਹੈ ਅਤੇ ਮੋਟਰਸਾਈਕਲ ਤੇ ਹਰ ਤਰ੍ਹਾਂ ਦੀਆਂ ਗੱਡੀਆਂ ਆਦਿ ਦਾ ਫਾਈਨਾਂਸ ਵੀ ਜਾਂਦਾ ਹੈ। ਇਸ ਮੌਕੇ ਲਵਪ੍ਰੀਤ ਸਿੰਘ, ਜਤਿੰਦਰ ਸਿੰਘ, ਗੁਰਇਕਬਾਲ ਸਿੰਘ, ਪੀਟਰ,ਸਨਮਪ੍ਰੀਤ ਸਿੰਘ, ਬਲਵਿੰਦਰ ਸਿੰਘ, ਅਮਰੀਕ ਕੌਰ ਅਤੇ ਸਮੂਹ ਸਟਾਫ ਆਦਿ ਹਾਜ਼ਰ ਸਨ।

# ਰੁਕਮਨਬੀਰ ਸਿੰਘ ਦੀ ਬੇਵਤਕੀ ਹੋਈ ਮੌਤ ਤੇ ਦੁੱਖ ਸਾਂਝਾ ਕਰਨ ਲਈ ਪਾਹੁੰਚੇ ਬਿਕਰਮ ਸਿੰਘ ਮਜੀਠੀਆ



**ਚੌਂਕ ਮਹਿਤਾ, 13 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਾਬਕਾ ਕੈਬਨਿਟ ਮੰਤਰੀ ਸ, ਬਿਕਰਮ ਸਿੰਘ ਮਜੀਠੀਆ ਦੇ ਸੁਰਖਿਆ ਵਿੱਚ ਤੈਨਾਤ ਗੁਰਪ੍ਰੀਤ ਸਿੰਘ ਬੋਪਾਰਾਏ ਦਾ ਬੇਟਾ ਰੁਕਮਨਬੀਰ ਸਿੰਘ ਜੋ ਆਪਣੀ ਰੋਜ਼ੀ ਰੋਟੀ ਖਾਤਰ ਵਿਦੇਸ ਸਪੇਨ ਗਿਆ ਸੀ। ਰੁਕਮਨਬੀਰ ਸਿੰਘ ਇੱਕ ਕਾਰ ਹਾਦਸੇ ਵਿੱਚ ਦੌਰਾਨ ਸਪੇਨ ਵਿੱਚ ਮੌਤ ਹੋ ਗਈ। ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਾਬਕਾ ਕੈਬਨਿਟ ਮੰਤਰੀ ਸ, ਬਿਕਰਮ ਸਿੰਘ ਮਜੀਠੀਆ ਉਨ੍ਹਾਂ ਦੇ ਪਿੰਡ ਮਰੜ ਵਿੱਖੇ ਪਾਹੁੰਚੇ। ਇਸ ਦੁੱਖ ਦੀ ਘੜੀ ਵਿੱਚ ਦੁੱਖ ਸਾਂਝਾ ਕਰਨ ਲਈ ਸਰਬਜੀਤ ਸਿੰਘ ਉਦੋਕੇ, ਸਾਬਕਾ ਸਰਪੰਚ ਰੇਸਮ ਸਿੰਘ, ਸਨਦੀਪ ਸਿੰਘ, ਤਰਸੇਮ ਸਿੰਘ ਆਦਿ ਆਗੂ ਹਾਜ਼ਰ ਸਨ।

# ਵਾਰਡ ਨੰ.42 ਦੇ ਆਜ਼ਾਦ ਉਮੀਦਵਾਰ ਸਤਨਾਮ ਸਿੰਘ ਬਾਜਵਾ ਦੇ ਹੱਕ ਚ ਨਿੱਤਰੇ:ਹਰਪਾਲ ਸਿੰਘ ਯੂ.ਕੇ.



**ਚੌਂਕ ਮਹਿਤਾ, 13 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਹਲਕਾ ਦੱਖਣੀ 'ਚ ਪਿਛਲੇ 40 ਸਾਲਾਂ ਤੋਂ ਬਣੀਆ ਕਲੋਨੀਆਂ ਨਿਊ ਅੰਤਰਯਾਮੀ ਅਤੇ ਅੰਤਰਯਾਮੀ ਕੌਲਨੀ ਦੇ ਨਿਵਾਸੀ ਜੌ ਕਿ ਸਾਬਕਾ ਐੱਮ ਐੱਲ ਏ ਬੁਲਾਰੀਆ ਸਾਹਿਬ ਅਤੇ ਮੌਜੂਦਾ ਐੱਮ ਐੱਲ ਏ ਨਿੱਜਰ ਸਾਹਿਬ ਨੂੰ ਸਹਿਯੋਗ ਦਿੰਦੇ ਰਹੇ ਹਨ। ਜਿਸ ਵਿਚ ਸ. ਸਤਨਾਮ ਸਿੰਘ ਬਾਜਵਾ ਜੀ ਨੇ ਬਹੁਤ ਸਹਿਯੋਗ ਦਿੱਤੇ ਹਨ ਪਰ ਇਸ ਵਾਰ ਕੌਲਨੀ ਨਿਵਾਸੀਆਂ ਨੂੰ ਮੂਰਖ ਬਣਾਇਆ ਗਿਆ ਹੈ ਅਤੇ ਟਿਕਟਾਂ ਨੂੰ ਬਾਹਰ ਦੇ ਲੋਕਾਂ ਨੂੰ ਵੰਡ ਦਿੱਤਾ ਗਿਆ ਹੈ ਜਿਸ ਤੇ ਕਲੌਨੀ ਨਿਵਾਸੀਆਂ ਨੇ ਇਸ ਦਾ ਸਖਤ ਵਿਰੋਧ ਕੀਤਾ ਹੈ ਸੋ ਇਸ ਲਈ ਅਸੀਂ ਆਪ ਜੀ ਨੂੰ ਆਜਾਦ ਉਮੀਦਵਾਰ ਸ. ਸਤਨਾਮ ਸਿੰਘ ਬਾਜਵਾ ਨੂੰ ਭਾਰੀ ਵੋਟਾਂ ਦੇ ਕੇ ਜਿੱਤਾ ਕੇ ਮੂੰਹ ਤੋੜਵਾਂ ਜੁਆਬ ਦੇਵਾਂਗੇ ਇਹਨਾ ਸ਼ਬਦਾ ਦਾ ਪ੍ਰਗਟਾਵਾ ਚੇਅਰਮੈਨ ਹਰਪਾਲ ਸਿੰਘ ਯੂ.ਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝਾ ਕੀਤਾ ਉਹਨਾਂ ਕਿਹਾ ਕਿ ਇਹਨਾਂ ਵਿਧਾਇਕਾਂ ਨੇ ਪੈਸੇ ਲੈ ਦੇ ਕੇ ਬਾਹਰ ਦੇ ਲੋਕਾਂ ਨੂੰ ਟਿਕਟਾਂ ਵੰਡੀਆ ਜੋ ਕਿ ਬਹੁਤ ਗਲਤ ਗੱਲ ਹੈ ਸਤਨਾਮ ਸਿੰਘ ਬਾਜਵਾ ਇਕ ਇਮਾਨਦਾਰ, ਸੰਘਰਸ਼ਸ਼ੀਲ, ਨਿਧੱੜਕ ਯੋਧਾ ਹੈ ਜੋ ਹਰ ਇਕ ਦੀ ਮਦਦ ਕਰਦੇ ਹਨ, ਹਰ ਗਰੀਬ ਦੇ ਨਾਲ ਤੁਰਦੇ ਹਨ। ਸਤਨਾਮ ਸਿੰਘ ਬਾਜਵਾ ਨੇ ਹਮੇਸਾ ਇਮਾਨਦਾਰੀ ਨਾਲ ਕੰਮ ਕੀਤਾ ਹੈ। ਪਰ ਸਾਡੇ ਇਲਾਕੇ ਦੇ ਵਿਧਾਇਕਾਂ ਨੇ ਇਸ ਗੱਲ ਦੀ ਕਦਰ ਨਹੀ ਕੀਤੀ ਇਮਾਨਦਾਰ ਕੰਮ ਕਰਨ ਵਾਲੇ ਬੰਦੇ ਨੂੰ ਟਿਕਟ ਦੇਣੀ ਚਾਹੀਦੀ ਹੈ ਜੇਕਰ ਵਿਧਾਇਕਾਂ ਨੇ ਬਾਜਵਾ ਸਾਹਿਬ ਨੂੰ ਟਿਕਟ ਨਾ ਦਿੱਤੀ, ਸਹਿਯੋਗ ਨਾ ਕੀਤਾ ਤਾਂ ਕਲੌਨੀ ਦੀ ਸੰਗਤ ਵਲੋਂ ਸਖਤ ਵਿਰੋਧ ਕੀਤਾ ਜਾਵੇਗਾ ਅਤੇ ਸਤਨਾਮ ਸਿੰਘ ਬਾਜਵਾ ਨੂੰ ਜਿਤਾਇਆ ਜਾਵੇਗਾ।

ਸੋ ਸਾਡੀ ਸਿੱਖ ਸੰਸਥਾਵਾਂ ਨਿਊ ਅੰਤਰਯਾਮੀ ਅਤੇ ਅੰਤਰਯਾਮੀ ਕਲੌਨੀ ਵਿਕਾਸ ਕਮੇਟੀ, ਗੁਰਦੁਆਰਾ ਸਭਾਵਾਂ ਅਤੇ ਐਨ.ਆਰ.ਆਈ.ਵਿੰਗ ਅਤੇ ਹੋਰ ਬਹੁਤ ਸਾਰੀਆ ਸੰਸਥਾਵਾਂ ਸਤਨਾਮ ਸਿੰਘ ਬਾਜਵਾ ਨੂੰ ਸਹਿਯੋਗ ਕਰਨਗੀਆਂ ਇਸ ਗੱਲ ਦੀ ਸੰਸਥਾਵਾਂ ਵਲੋਂ ਸਹਿਮਤੀ ਦਿੱਤੀ ਗਈ ਹੈ। ਸੋ ਅਸੀਂ ਇਹ ਅਪੀਲ ਕਰਾਂਗੇ ਕਿ ਸ. ਸਤਨਾਮ ਸਿੰਘ ਬਾਜਵਾ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਕਾਮਯਾਬ ਕੀਤਾ ਜਾਵੇ ਤਾਂ ਕਿ ਅਸੀ ਇਹ ਦੱਸ ਸਕੀਏ ਕੌਂਸਲਰ ਦੀਆਂ ਟਿਕਟਾਂ ਨੂੰ ਪੈਸਿਆ ਨਾਲ ਤਾਂ ਖਰੀਦਿਆ ਜਾ ਸਕਦਾ ਹੈ ਪਰ ਕਲੌਨੀ ਦੀ ਸੰਗਤ ਨੂੰ ਪੈਸਿਆ ਨਾਲ ਨਹੀ ਖਰੀਦਿਆ ਜਾ ਸਕਦਾ ਇਸ ਦਾ ਨਤੀਜਾ ਜਲਦ ਹੀ ਤੁਹਾਨੂੰ 21-12-2024 ਸ਼ਾਮ ਨੂੰ ਪਤਾ ਲੱਗ ਜਾਵੇਗਾ ਹਰਪਾਲ ਸਿੰਘ ਯੂ.ਕੇ ਨੇ ਕਿਹਾ ਕਿ ਮੈਨੂੰ ਬਹੁਤ ਜਰੂਰੀ ਕੰਮ ਹੋਣ ਕਰਕੇ ਵਿਦੇਸ਼ ਜਾਣਾ ਪਿਆ, ਮੈਨੂੰ ਨਹੀ ਸੀ ਪਤਾ ਕਿ ਕੌਂਸਲਰ ਦੀਆਂ ਵੋਟਾਂ ਐਨੀ ਜਲਦੀ ਆ ਜਾਣੀਆ ਹਨ ਫਿਰ ਵੀ ਮੈਂ ਕਲੌਨੀ ਦੀ ਸੰਗਤ ਦੇ ਨਾਲ ਪੂਰਾ ਸਹਿਯੋਗ ਦੇਵਾਂਗਾ ਅਤੇ ਵੋਟਾਂ ਤੱਕ ਵਾਪਸ ਆਉਣ ਦੀ ਪੂਰੀ ਕੋਸ਼ਿਸ਼ ਜਰੂਰ ਕਰਾਂਗਾ ਅਤੇ ਲੋਕਾਂ ਨੂੰ ਅਪੀਲ ਕਰਾਂਗਾ ਕਿ ਸ.ਸਤਨਾਮ ਸਿੰਘ ਬਾਜਵਾ ਜੀ ਨੂੰ ਭਾਰੀਆ ਵੋਟਾਂ ਦੇ ਕੇ ਉਹਨਾਂ ਨੂੰ ਕਾਮਯਾਬ ਕੀਤਾ ਜਾਵੇ।

### ਕਣਕ ਦੀ ਫ਼ਸਲ ਵਿੱਚ

# ਗੁਲਾਬੀ ਸੁੰਡੀ ਦੀ ਰੋਕਥਾਮ ਬਾਰੇ ਜਾਗਰੂਕਤਾ ਕੈਂਪ ਦਾ ਆਯੋਜਨ



**ਭਵਾਨੀਗੜ੍ਹ ( ਰਣਜੀਤ ਸਿੰਘ ਪੇਧਨੀ )**-ਪਿਛਲੇ ਕੁਝ ਦਿਨਾਂ ਤੋਂ ਚੱਲ ਰਹੇ ਜਾਗਰੂਕਤਾ ਕੈਂਪਾਂ ਦੀ ਲੜੀ ਵਿੱਚ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਪਿੰਡ ਰਾਜਪੁਰਾ ਵਿੱਚ ਮਟਰ, ਕਣਕ ਅਤੇ ਤੇਲ ਬੀਜ ਦੀ ਫ਼ਸਲ ਦਾ ਸਰਵੇਖਣ ਕੀਤਾ ਗਿਆ। ਸਭ ਤੋਂ ਪਹਿਲਾਂ ਪਿੰਡ ਵਿੱਚ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਡਾ: ਅਸ਼ੋਕ ਕੁਮਾਰ, ਇੰਚਾਰਜ, ਫਾਰਮ ਸਲਾਹਕਾਰ ਸੇਵਾ ਕੇਂਦਰ ਨੇ ਕਣਕ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀਆਂ ਸਿਫਾਰਸ਼ ਬਾਰੇ ਵਿਸਥਾਰਪੂਰਵਕ ਲੈਕਚਰ ਦਿੱਤਾ। ਉਨ੍ਹਾਂ ਦਸਿਆ ਕਿ ਕੁਝ ਖੇਤਾਂ ਵਿੱਚ, ਗੁਲਾਬੀ ਸੁੰਡੀ ਦਾ ਹਮਲਾ ਨੋਟ ਕੀਤਾ ਗਿਆ ਅਤੇ ਹਮਲੇ ਦੀ ਗੰਭੀਰਤਾ ਦੀ ਸਥਿਤੀ ਵਿੱਚ ਪਹਿਲੀ ਸਿੰਚਾਈ ਤੋਂ ਪਹਿਲਾਂ ਇੱਕ ਏਕੜ ਵਿੱਚ 7 ਕਿਲੋ ਮੋਰਟੇਲ/ਰੀਜੈਂਟ 0.3 ਜੀ (ਫਾਈਪਰੋਨਿਲ) ਜਾਂ 1 ਲੀਟਰ ਡਰਸਬਨ 20 ਈਸੀ (ਕਲੋਰਪਾਈਰੀਫੋਸ) ਨੂੰ 20 ਕਿਲੋ ਨਮੀ ਵਾਲੀ ਰੇਤ ਵਿੱਚ ਮਿਲਾ ਕੇ ਛੱਟਾ ਦੇਣ ਲਈ ਪ੍ਰੇਰਿਤ ਕੀਤਾ। ਜਾਂ ਫਿਰ 50 ਮਿਲੀਲੀਟਰ ਕੋਰਾਜਨ 18.5 ਐਸ.ਸੀ. (ਕਲੋਰੈਂਟ੍ਰਾਨਿਲੀਪ੍ਰੋਲ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ। ਮਟਰ ਦੀ ਫ਼ਸਲ ਦੀ ਹਾਲਤ ਕਾਫ਼ੀ ਚੰਗੀ ਹੈ ਕਿਉਂਕਿ ਕਿਸਾਨਾਂ ਨੇ ਸਿਫ਼ਾਰਸ਼ ਕੀਤੀਆਂ ਰਸਾਇਣਕ ਖਾਦਾਂ ਦੀ ਵਰਤੋਂ ਕੀਤੀ ਹੈ। ਡਾ: ਕੁਮਾਰ ਨੇ ਤੇਲ ਬੀਜਾਂ ਦੀਆਂ ਫ਼ਸਲਾਂ ਦਾ ਦੌਰਾ ਵੀ ਕੀਤਾ ਜਿੱਥੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜਿਆਂ ਦੇ ਹਮਲੇ ਅਤੇ ਖੁਰਾਕੀ ਤੱਤਾਂ ਦੀ ਘਾਟ ਤੋਂ ਸੁਚੇਤ ਰਹਿਣ ਦੀ ਸਲਾਹ ਦਿੱਤੀ।

### ਸਲਾਨਾ ਪੰਜਾਬ ਹੈਰੀਟੇਜ ਰਾਈਡਰ ਮੀਟ 2024 ਦੀ ਹੋਈ ਸ਼ੁਰੂਆਤ

# ਏਡੀਸੀ ਬਠਿੰਡਾ ਵਲੋਂ ਪਹਿਲੀ ਰਾਈਡ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ




**ਬਠਿੰਡਾ, ਕੋਟਸ਼ਮੀਰ, 13 ਦਸੰਬਰ (ਗੁਰਜੰਟ ਸਿੰਘ ਨਥੇਹਾ)**- ਪੰਜਾਬੀ ਅਡਵੈਂਚਰ ਕਲੱਬ ਬਠਿੰਡਾ ਵੱਲੋਂ ਕਰਵਾਏ ਜਾ ਰਹੇ ਤਿੰਨ ਦਿਨਾਂ ਸਲਾਨਾ ਪੰਜਾਬ ਹੈਰੀਟੇਜ ਰਾਈਡਰ ਮੀਟ 2024 ਅੱਜ ਸ਼ੁਰੂਆਤ ਹੋ ਚੁੱਕੀ ਹੈ। ਪਹਿਲੇ ਦਿਨ ਦੇ ਵਿੱਚ ਬਠਿੰਡਾ ਤੋਂ ਰਵਾਨਾ ਹੋਈ। ਪਹਿਲੀ ਰਾਈਡ ਨੂੰ ਏਡੀਸੀ ਬਠਿੰਡਾ ਮੈਡਮ ਪੂਨਮ ਸਿੰਘ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਹਰੀ ਝੰਡੀ ਦਿਖਾਉਣ ਤੋਂ ਬਾਅਦ ਮੈਡਮ ਅਮਨੀਤ ਕੌਂਡਲ ਨੇ ਜਿੱਥੇ ਪੰਜਾਬੀ ਅਡਵੈਂਚਰ ਕਲੱਬ ਬਠਿੰਡਾ ਦੇ ਪ੍ਰਧਾਨ ਗੁਰਪ੍ਰੇਮ ਲਹਿਰੀ ਅਤੇ ਸਮੁੱਚੇ ਸਾਥੀਆਂ ਨੂੰ ਵਧਾਈ ਦਿੱਤੀ ਉੱਥੇ ਅਪੀਲ ਕਰਦਿਆਂ ਕਿਹਾ ਕਿ ਸੜਕਾਂ 'ਤੇ ਚੱਲਣ ਵੇਲੇ ਸਭ ਨੂੰ ਖਾਸ ਤੌਰ 'ਤੇ ਦੋ ਪਈਆ ਵਾਹਨ 'ਤੇ ਸਵਾਰੀ ਕਰਨ ਸਮੇਂ ਹੈਲਮਟ ਪਹਿਨਣ ਤੋਂ ਇਲਾਵਾ ਟਰੈਫਿਕ ਨਿਯਮਾਂ ਨੂੰ ਅਪਣਾਉਣਾ ਜਰੂਰੀ ਹੈ। ਟਿੱਬਿਆਂ ਦੀ ਧਰਤੀ 'ਤੇ ਪਹੁੰਚਣ ਮੌਕੇ ਪ੍ਰਧਾਨ ਗੁਰਪ੍ਰੇਮ ਲਹਿਰੀ ਨੇ ਰਾਈਡਰਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਤਿੰਨ ਦਿਨਾਂ ਚੱਲਣ ਵਾਲੇ ਸਮਾਗਮ ਵਿੱਚ ਵੱਖ-ਵੱਖ ਮੋਹਤਬਰ ਸ਼ਖਸ਼ੀਅਤਾਂ ਪਹੁੰਚ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜਿੱਥੇ ਰਾਈਡ ਮੁਕਾਬਲੇ ਕਰਵਾਏ ਜਾਣਗੇ ਉਥੇ ਰੂ-ਬ-ਰੂ, ਵੱਖ-ਵੱਖ ਖੇਡਾਂ ਦੇ ਮੁਕਾਬਲੇ ਹੋਣਗੇ। ਇੱਕ ਸਵਾਲ ਵਿੱਚ ਉਨ੍ਹਾਂ ਕਿਹਾ ਕਿ ਇਹ ਮੀਟ ਦਾ ਮਕਸਦ ਸਿਰਫ ਤੇ ਸਿਰਫ ਪੰਜਾਬ ਨੂੰ ਟੂਰਿਸਟ ਹੱਬ ਬਣਾਉਣਾ ਹੈ ਅਤੇ ਪੰਜਾਬ ਦੀ ਪੁਰਾਤਨ ਵਿਰਾਸਤ ਨੂੰ ਉਜਾਗਰ ਕਰਨਾ ਹੈ। ਉਨ੍ਹਾਂ ਕਿ 14 ਦਸੰਬਰ ਦੇ ਸਮਾਗਮ ਵਿਚ ਪੰਜਾਬ ਵਿਧਾਨ ਸਭ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਪੰਜਾਬੀ ਟਰੈਵਲ ਕਪਲ ਰੀਪਿਨ ਦਾ ਰੂਬਰੂ ਪ੍ਰੋਗਰਾਮ ਹੋਵੇਗਾ। ਰਾਈਡਰਾਂ ਅਤੇ ਪ੍ਰੋਗਰਾਮ ਦੇਖਣ ਵਾਲਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਟਸ਼ਮੀਰ ਦੇ ਟਿੱਬਿਆਂ ਵਿੱਚ ਕਰਵਾਈ ਜਾ ਰਹੀ ਮੀਟ ਨੂੰ ਵੱਡੀ ਗਿਣਤੀ ਪਹੁੰਚ ਕੇ ਆਨੰਦ ਮਾਣੋ।

# ਪੈਨਸ਼ਨਰਜ ਦਿਵਸ ਤੇ ਹੋਵੇਗਾ ਵਿਸ਼ੇਸ਼ ਸਮਾਗਮ



**ਫ਼ਿਰੋਜ਼ਪੁਰ, 13 ਦਸੰਬਰ (ਮਨੋਹਰ ਲਾਲ)** :— ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਫਿਰੋਜ਼ਪੁਰ ਵੱਲੋਂ 17 ਦਸੰਬਰ ਨੂੰ ਨਾਰਦਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜਪੁਰ ਵਿਖੇ ਪੈਨਸ਼ਨਰ ਡੇ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਨਾਮ ਸਿੰਘ ਸੁਧਰਾ ਪ੍ਰਧਾਨ, ਕਿਸ਼ਨ ਚੰਦ ਜਾਗੋਵਾਲੀਆ ਜਨਰਲ ਸਕੱਤਰ ਨੇ ਦੱਸਿਆ ਕਿ ਆਪਣੇ ਪੁਰਖਿਆਂ ਵੱਲੋਂ ਲਹੂ ਵੀਟਵੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੀਆਂ ਸਹੂਲਤਾਂ ਨੂੰ ਸਰਕਾਰ ਵੱਲੋਂ ਖੋਹੇ ਜਾਣ ਤੋਂ ਬਚਾਉਣ ਲਈ, ਪੈਨਸ਼ਨਰ ਵਰਗ ਨੂੰ ਸੁਚੇਤ ਕਰਨ ਲਈ 17 ਦਸੰਬਰ ਨੂੰ ਪੈਨਸ਼ਨਰ ਡੇ 11 ਵਜੇ ਨਾਰਦਰਨ ਰੇਲਵੇ ਮੈਨਜ ਦਫ਼ਤਰ ਫ਼ਿਰੋਜ਼ਪੁਰ ਵਿਖੇ ਪੈਨਸ਼ਨਰਾਂ ਵੱਲੋਂ ਮਨਾਇਆ ਜਾਵੇਗਾ। ਇਸ ਤੋਂ ਇਲਾਵਾ 75 ਸਾਲ ਤੋਂ ਵੱਧ ਉਮਰ ਦੇ ਪੈਨਸ਼ਨਰਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ, ਉਨ੍ਹਾਂ ਸਮੂਹ ਪੈਨਸ਼ਨਰਜ਼ ਨੂੰ ਇਸ ਸਮਾਗਮ ਵਿਚ ਪਹੁੰਚਣ ਦੀ ਅਪੀਲ ਕੀਤੀ। ਇਸ ਸਮੇਂ ਬਲਬੀਰ ਸਿੰਘ ਕੰਬੋਜ, ਪ੍ਰਤਾਪ ਸਿੰਘ ਢਿਲੋਂ, ਮਿਹਰ ਸਿੰਘ, ਤਰਸੇਮ ਬੇਦੀ, ਜੋਗਿੰਦਰ ਸਿੰਘ, ਰਨਬੀਰ ਸਿੰਘ ਕੁੱਕੂ ਆਦਿ ਹਾਜ਼ਰ ਸਨ।



# ਸਮਾਜ ਸੇਵੀ ਹੰਸ ਰਾਜ ਬਜਾਜ ਨੂੰ ਸਦਮਾ ਪਤਨੀ ਦਾ ਦੇਹਾਂਤ, ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਵਪਾਰ ਮੰਡਲ ਦੇ ਜਿਲ੍ਹਾ ਜਨਰਲ ਸਕੱਤਰ ਹੰਸ ਰਾਜ ਬਜਾਜ ਨੂੰ ਉਸ ਵੇਲੇ ਸਦਮਾ ਪੁੱਜਾ, ਜਦੋਂ ਉਨ੍ਹਾਂ ਦੀ ਧਰਮ ਪਤਨੀਂ ਸ੍ਰੀਮਤੀ ਰੇਖਾ ਗੁਪਤਾ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਪਰਿਵਾਰ ਨਾਲ ਇਸ ਦੁੱਖ ਘੜੀ ਵਿੱਚ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਉੱਘੇ ਸਮਾਜ ਸੇਵੀ ਸ, ਹਰੀ ਸਿੰਘ ਪ੍ਰੀਤ ਨਾਭਾ, ਮੁੱਖ ਮੰਤਰੀ ਦੇ ਦਫ਼ਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ, ਚੇਅਰਮੈਨ ਦਲਬੀਰ ਸਿੰਘ ਢਿੱਲੋ, ਚੇਅਰਮੈਨ ਸਤਿੰਦਰ ਸਿੰਘ ਚੱਠਾ, ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ, ਆਪ ਆਗੂ ਅਮਰਦੀਪ ਸਿੰਘ ਧਾਂਦਰਾ, ਕਾਗਰਸੀ ਆਗੂ ਦਲਵੀਰ ਸਿੰਘ ਗੋਲਡੀ ਖੰਗੂੜਾ ਸਾਬਕਾ ਐਮਐਲਏ, ਸਮਾਜ ਸੇਵੀ ਵਿਜੇ ਕੁਮਾਰ ਗੋਇਲ, ਅਮਰੀਕ ਸਿੰਘ ਭੋਜੋਵਾਲੀ ਚੇਅਰਮੈਨ ਵੇਰਕਾ ਮਿਲਕ ਪਲਾਂਟ, ਸਮਾਜ ਸੇਵੀ ਏ,ਆਰ ਸਰਮਾ, ਸਰਪੰਚ ਗੋਬਿੰਦਰ ਖੰਗੂੜਾ, ਸਰਪੰਚ ਹਰਜੀਤ ਸਿੰਘ ਬੁਗਰਾ, ਸਰਪੰਚ ਰਵਿੰਦਰ ਕੁਮਾਰ ਰਿੰਕਾ ਹਸਨਪੁਰ, ਐਡਵੋਕੇਟ ਹੈਪੀ ਗਰਗ,ਐਡਵੋਕੇਟ ਰਾਜੇਸ਼ਵਰ ਪਿੰਟੂ, ਸੰਦੀਪ ਸਿੰਗਲਾ, ਸੁਖਵਿੰਦਰ ਸਿੰਘ ਪਲਾਹਾ, ਨਾਹਰ ਸਿੰਘ ਮੀਮਸਾ, ਮਾਣਾ ਗਰੇਵਾਲ, ਕੁਲਦੀਪ ਸਿੰਘ ਬੁੱਟਰ, ਸਰਪੰਚ ਹਰਦੀਪ ਸਿੰਘ ਦੌਲਤਪੁਰ, ਸਰਪੰਚ ਜੱਗਾ ਭੋਜੋਵਾਲੀ, ਸਰਪੰਚ ਸੁਖਦੀਪ ਸਿੰਘ ਬਬਲੀ, ਸਰਪੰਚ ਦਵਿੰਦਰ ਸਿੰਘ ਧੂਰਾ, ਮਨੋਹਰ ਸਿੰਘ ਸੱਗੂ, ਰਣਜੀਤ ਸਿੰਘ ਧੰਦੀਵਾਲ, ਸਰਪੰਚ ਕਾਲਾ ਬਟੂਹਾ, ਸਰਪੰਚ ਲਾਲੀ ਬੰਗਾਵਾਲੀ, ਕਾਗਰਸੀ ਆਗੂ ਸ਼ੁਭਮ ਸ਼ਰਮਾ ਧੂਰੀ, ਅਕਾਲੀ ਆਗੂ ਰਣਜੀਤ ਸਿੰਘ ਰੰਧਾਵਾ ਕਾਤਰੋਂ, ਅਕਾਲੀ ਆਗੂ ਗਮਦੂਰ ਸਿੰਘ ਭਸੌੜ, ਜਗਦੇਵ ਜਿੰਦਲ ਜੱਗਾ, ਕ੍ਰਿਸਨ ਗੋਪਾਲ ਨੀਲੂ ਮਿੱਤਲ, ਜਤਿੰਦਰ ਸਿੰਘ ਸੋਨੀ ਮੰਡੇਰ, ਜਸਵਿੰਦਰ ਸਿੰਘ ਪ੍ਰਿੰਸ ਸੰਗਰੂਰ ਆਦਿ ਆਗੂਆਂ ਨੇ ਜਿਥੇ ਪਰਿਵਾਰ ਨਾਲ ਦੁੱਖ ਸਾਝਾਂ ਕੀਤਾ ਉਥੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# 14 ਦਸੰਬਰ 2024 ਨੂੰ ਹੋਵੇਗਾ ਕੌਮੀ ਲੋਕ ਅਦਾਲਤ ਦਾ ਆਯੋਜਨ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ (ਨਾਲਸਾ), ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੀ ਅਗਵਾਈ ਹੇਠ ਜ਼ਿਲ੍ਹਾ ਕੋਰਟ ਕੰਪਲੈਕਸ ਸੰਗਰੂਰ ਅਤੇ ਸਬ ਤਹਿਸੀਲ ਕੋਰਟ ਕੰਪਲੈਕਸ ਧੂਰੀ, ਸੁਨਾਮ, ਮੂਨਕ ਅਤੇ ਮਲੇਰਕੋਟਲਾ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਿਵਲ ਜੱਜ (ਸ.ਡ.)/ਸੀ.ਜੇ.ਐੱਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਸ੍ਰੀਮਤੀ ਦਲਜੀਤ ਕੌਰ ਨੇ ਦੱਸਿਆ ਕਿ ਲੋਕਾਂ ਨੂੰ ਇਸ ਕੌਮੀ ਲੋਕ ਅਦਾਲਤ ਦਾ ਜ਼ਿਆਦਾ ਤੋਂ ਜ਼ਿਆਦਾ ਲਾਭ ਲੈਣਾ ਚਾਹੀਦਾ ਹੈ ਅਤੇ ਆਪਣੇ ਚੱਲ ਰਹੇ ਕੇਸਾਂ ਦਾ ਆਪਸੀ ਸਮਝੌਤੇ ਰਾਹੀਂ ਨਿਪਟਾਰਾ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਨਾਲ ਦੋਵੇਂ ਧਿਰਾਂ ਦੇ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ ਅਤੇ ਆਪਸੀ ਭਾਈਚਾਰਾ ਵਧਦਾ ਹੈ। ਉਨ੍ਹਾਂ ਦੱਸਿਆ ਕਿ ਜਿਸ ਵੀ ਵਿਅਕਤੀ ਨੇ ਆਪਣੇ ਕੇਸ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣਾ ਹੋਵੇ ਤਾਂ ਉਹ ਸਬੰਧਿਤ ਅਦਾਲਤ ਜਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਅਤੇ ਸਬ ਡਵੀਜਨ ਦੇ ਫਰੰਟ ਆਫੀਸ ਵਿਖੇ ਇੱਕ ਦਰਖ਼ਾਸਤ ਦੇ ਕੇ ਇਸ ਲੋਕ ਅਦਾਲਤ ਰਾਹੀਂ ਆਪਣੇ ਝਗੜੇ ਦਾ ਨਿਪਟਾਰਾ ਕਰਵਾ ਸਕਦਾ ਹੈ। ਇਸ ਕੌਮੀ ਲੋਕ ਅਦਾਲਤ ਦੀ ਵਧੇਰੇ ਜਾਣਕਾਰੀ ਲਈ ਇਸ ਦਫ਼ਤਰ ਦੇ ਫੋਨ ਨੰਬਰ 01672-230725 ਜਾਂ ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ (ਨਾਲਸਾ), ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੇ ਟੋਲ ਫ੍ਰੀ ਹੈੱਲਪਲਾਈਨ ਨੰਬਰ 15100 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਐਕਸ ਉਪਰ ਸਿੱਖ ਕੌਮ ਵਿਰੁੱਧ ਨ.ਫਰਤ ਭਰੀ ਸਮੱਗਰੀ ਫੈਲਾਣ ਵਾਲੇ ਐਸਜੀਪੀਸੀ ਪੈਰੋੜੀ ਨਾਮੀ ਨਕਲੀ ਖਾਤੇ ਵਿਰੁੱਧ ਕਾਰਵਾਈ ਦੀ ਮੰਗ: ਸਾਹਨੀ

## ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਕੋਲ ਚੁਕਿਆ ਮੁੱਦਾ



**ਨਵੀਂ ਦਿੱਲੀ, 13 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:-ਡਾ: ਵਿਕਰਮਜੀਤ ਸਿੰਘ ਸਾਹਨੀ, ਸੰਸਦ ਮੈਂਬਰ, ਰਾਜ ਸਭਾ ਨੇ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਨਵ ਕੋਲ ਐਕਸ (ਪਹਿਲਾਂ ਟਵਿੱਟਰ) 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀ ਨਕਲ ਕਰਨ ਵਾਲੇ ਪੈਰੋਡੀ ਖਾਤੇ ਦਾ ਮੁੱਦਾ ਉਠਾਇਆ। ਡਾ: ਸਾਹਨੀ ਨੇ ਇਸ ਖਾਤੇ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਇਸ ਬਾਰੇ ਗੰਭੀਰ ਚਿੰਤਾਵਾਂ ਪ੍ਰਗਟ ਕੀਤੀਆਂ ਹਨ, ਜੋ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੈਰੋਡੀ" ('SGPCAmritsar_) ਨਾਮ ਹੇਠ ਚੱਲ ਰਿਹਾ ਹੈ ਅਤੇ ਸਤੰਬਰ 2023 ਤੋਂ ਸਰਗਰਮ ਹੈ। ਡਾ: ਸਾਹਨੀ ਨੇ ਕਿਹਾ ਕਿ ਉਹ ਮੰਗ ਕਰਦੇ ਹਨ ਕਿ ਉਕਤ ਖਾਤੇ ਨੂੰ ਤੁਰੰਤ ਬਲੌਕ ਕੀਤਾ ਜਾਣਾ ਚਾਹੀਦਾ ਹੈ ਅਤੇ ਪਲੇਟਫਾਰਮ ਅਥਾਰਟੀਆਂ ਦੇ ਸਹਿਯੋਗ ਨਾਲ ਖਾਤੇ ਦੀਆਂ ਗਤੀਵਿਧੀਆਂ ਬਾਰੇ ਪੂਰੀ ਤਰ੍ਹਾਂ ਜਾਂਚ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਅਤੇ ਸਰਕਾਰ ਨੂੰ ਧਾਰਮਿਕ ਜਾਂ ਸੰਸਥਾਗਤ ਸੰਸਥਾਵਾਂ ਦੀ ਨਕਲ ਕਰਨ ਵਾਲੇ ਖਾਤਿਆਂ ਦੁਆਰਾ ਅਦਾਇਗੀਸ਼ੁਦਾ ਤਸਦੀਕ ਸੇਵਾਵਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਸੁਰੱਖਿਆ ਉਪਾਅ ਕਰਨੇ ਚਾਹੀਦੇ ਹਨ। ਡਾ. ਸਾਹਨੀ ਨੇ ਦੱਸਿਆ ਕਿ ਪੈਰੋਡੀ ਖਾਤੇ ਦੇ 13,500 ਤੋਂ ਵੱਧ ਫਾਲੋਅਰਜ਼ ਹਨ ਅਤੇ, ਚਿੰਤਾਜਨਕ ਤੌਰ 'ਤੇ, ਇੱਕ ਅਦਾਇਗੀਸ਼ੁਦਾ ਤਸਦੀਕ ਬੈਜ (ਨੀਲਾ ਟਿੱਕ) ਰੱਖਦਾ ਹੈ, ਜਿਸ ਨਾਲ ਇਹ ਗੈਰ-ਵਾਜਬ ਭਰੋਸੇਯੋਗਤਾ ਬਣਾ ਦਿੰਦਾ ਹੈ। "ਇਹ ਖਾਤਾ ਨਾ ਸਿਰਫ ਐਸਜੀਪੀਸੀ ਵਰਗੀ ਇੱਕ ਸਤਿਕਾਰਤ ਸੰਸਥਾ ਦੀ ਨਕਲ ਕਰ ਰਿਹਾ ਹੈ ਬਲਕਿ ਸਿੱਖ ਕੌਮ ਵਿਰੁੱਧ ਨਫ਼ਰਤ ਭਰੀ ਸਮੱਗਰੀ ਵੀ ਫੈਲਾ ਰਿਹਾ ਹੈ, ਸਮਾਜ ਵਿੱਚ ਵਿਵਾਦ ਪੈਦਾ ਕਰ ਰਿਹਾ ਹੈ ਅਤੇ ਉਹਨਾਂ ਵਿਅਕਤੀਆਂ ਨੂੰ ਭੰਬਲਭੂਸਾ ਪਾ ਰਿਹਾ ਹੈ ਜੋ ਇਸ ਦੇ ਪੈਰੋਡੀ ਸੁਭਾਅ ਤੋਂ ਅਣਜਾਣ ਹਨ। ਸੋਸ਼ਲ ਮੀਡੀਆ ਦੀ ਅਜਿਹੀ ਦੁਰਵਰਤੋਂ ਅਸਵੀਕਾਰਨਯੋਗ ਹੈ।" ਡਾ: ਸਾਹਨੀ ਨੇ ਕਿਹਾ ਕਿ ਐਸਜੀਪੀਸੀ ਭਾਰਤ ਅਤੇ ਵਿਦੇਸ਼ਾਂ ਵਿੱਚ ਸਿੱਖ ਗੁਰਦੁਆਰਿਆਂ ਦੀ ਸਰਵਉੱਚ ਪ੍ਰਬੰਧਕੀ ਸੰਸਥਾ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਕੰਮ ਕਰਦੀ ਹੈ। ਉਨ੍ਹਾਂ ਚਿੰਤਾ ਪ੍ਰਗਟ ਕੀਤੀ ਕਿ ਇਸ ਖਾਤੇ ਦੀਆਂ ਗਤੀਵਿਧੀਆਂ ਇਸ ਪਵਿੱਤਰ ਸੰਸਥਾ ਦੀ ਸਾਖ ਨੂੰ ਢਾਹ ਲਾ ਰਹੀਆਂ ਹਨ ਅਤੇ ਸੰਭਾਵੀ ਤੌਰ 'ਤੇ ਭਾਈਚਾਰਕ ਸਾਂਝ ਨੂੰ ਵਿਗਾੜ ਸਕਦੀਆਂ ਹਨ।

### ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਆਲਮੀ ਪੰਜਾਬੀ ਕਾਨਫਰੰਸ 7 ਮਾਰਚ ਤੋਂ

# ਹਰਭਜਨ ਸਿੰਘ ਹੁੰਦਲ ਕਾਵਿ ਪੁਰਸਕਾਰ ਸ਼ੁਰੂ ਕਰਨ ਦਾ ਐਲਾਨ









**ਬਠਿੰਡਾ 13 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੀ ਮੇਜ਼ਬਾਨੀ ਹੇਠ ਹੋਣ ਵਾਲੀ ਆਲਮੀ ਪੰਜਾਬੀ ਕਾਨਫਰੰਸ ਦੀਆਂ ਤਰੀਕਾਂ ਦਾ ਐਲਾਨ ਅਤੇ ਹੋਰ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਸਭਾ ਦੀ ਹੋਈ ਕਾਰਜਕਾਰਨੀ ਦੀ ਇਕੱਤਰਤਾ ਵਿੱਚ ਕੀਤਾ ਗਿਆ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਦੀ ਅਗਵਾਈ ਵਿਚ ਹੋਈ ਇਸ ਇਕੱਤਰਤਾ ਵਿੱਚ ਜਰਨਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ ਵਲੋਂ ਪੇਸ਼ ਏਜੰਡਿਆਂ ਦੀ ਰੌਸ਼ਨੀ ਵਿੱਚ ਸਭਾ ਵਲੋਂ ਕਰਵਾਈ ਜਾਣ ਵਾਲੀ ਤਿੰਨ ਰੋਜ਼ਾ ਆਲਮੀ ਪੰਜਾਬੀ ਕਾਨਫਰੰਸ ਮਿਤੀ ਸੱਤ, ਅੱਠ ਅਤੇ ਨੌਂ ਮਾਰਚ ਨੂੰ ਕਰਵਾਏ ਜਾਣ ਦਾ ਫੈਸਲਾ ਕੀਤਾ ਗਿਆ।ਕਾਨਫਰੰਸ ਦਾ ਆਗਾਜ਼ ਸਆਦਤ ਹਸਨ ਮੰਟੋ,ਲਾਲ ਸਿੰਘ ਦਿਲ,ਗੁਲਜ਼ਾਰ ਮੁਹੰਮਦ ਗੌਰੀਆ,ਸੁਖਜੀਤ ਅਤੇ ਮਾਸਟਰ ਤਰਲੋਚਨ ਵਰਗੇ ਵੱਡੇ ਸਾਹਿਤਕਾਰਾਂ ਦੀ ਕਰਮ ਭੂਮੀ ਸਮਰਾਲਾ ਵਿਖੇ 7 ਮਾਰਚ ਨੂੰ ਹੋਵੇਗਾ ਅਤੇ ਅਗਲੇ ਦੋ ਦਿਨ ਇਹ ਕਾਨਫਰੰਸ ਚੰਡੀਗੜ੍ਹ ਵਿਖੇ ਹੋਵੇਗੀ ਜਿਸ ਵਿੱਚ ਪਾਕਿਸਤਾਨ ਸਮੇਤ ਵਖ ਵਖ ਮੁਲਕਾਂ ਤੋਂ ਪੰਜਾਬੀ ਅਦੀਬ ਹਿੱਸਾ ਲੈਣਗੇ। ਸਭਾ ਵਲੋਂ ਪਹਿਲਾਂ ਦਿੱਤੇ ਜਾਣ ਵਾਲੇ ਪੁਰਸਕਾਰ ਗਿਆਨੀ ਹੀਰਾ ਸਿੰਘ ਦਰਦ ਜਥੇਬੰਦਕ ਪੁਰਸਕਾਰ, ਡਾ. ਰਵੀ ਰਵਿੰਦਰ ਅਲੋਚਨਾ ਪੁਰਸਕਾਰ ਅਤੇ ਡਾ. ਐਸ. ਤਰਸੇਮ ਸਾਹਿਤ ਸਾਧਨਾ ਪੁਰਸਕਾਰ ਤੋਂ ਇਲਾਵਾ ਹਰਭਜਨ ਸਿੰਘ ਹੁੰਦਲ ਕਾਵਿ ਪੁਰਸਕਾਰ ਸ਼ੁਰੂ ਕਰਨ ਦਾ ਫੈਸਲਾ ਵੀ ਕੀਤਾ ਗਿਆ। ਇਹ ਪੁਰਸਕਾਰ ਸਭਾ ਵਲੋਂ 23 ਫਰਵਰੀ 2025 ਨੂੰ ਕਰਵਾਏ ਜਾਣ ਵਾਲੇ ਡੇਢ੍ਹ ਸਾਲਾ ਜਰਨਲ ਇਜਲਾਸ ਮੌਕੇ ਦਿੱਤੇ ਜਾਣਗੇ। ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆਂ,ਸ਼ੈਲਿੰਦਰਜੀਤ ਰਾਜਨ, ਦਲਜੀਤ ਸਿੰਘ ਸ਼ਾਹੀ, ਬਲਵਿੰਦਰ ਸੰਧੂ, ਮੂਲ ਚੰਦ ਸ਼ਰਮਾ, ਮਖਣ ਕੁਹਾੜ, ਡਾ. ਛਿੰਦਰਪਾਲ, ਯਤਿੰਦਰ ਕੌਰ ਮਾਹਲ, ਜਸਵੀਰ ਰਾਣਾ, ਐਸ. ਨਸੀਮ, ਦੀਪਕ ਸ਼ਰਮਾ ਚਨਾਰਥਲ, ਮਨਜਿੰਦਰ ਧਨੋਆ, ਡਾ. ਦਵਿੰਦਰ ਸੈਫੀ , ਗੁਰਮੀਤ ਬਾਜਵਾ, ਮਨਜੀਤ ਸਿੰਘ ਵਸੀ, ਡਾ. ਲੇਖ ਰਾਜ,ਗੁਰਸੇਵਕ ਸਿੰਘ ਢਿੱਲੋਂ, ਤੇਜਾ ਸਿੰਘ ਤਿਲਕ, ਪੰਮੀ ਦਿਵੇਦੀ,ਅਮਰਜੀਤ ਸਿੰਘ ਜੀਤ ਅਤੇ ਸੁਰਿੰਦਰਜੀਤ ਚੌਹਾਨ ਆਦਿ ਕਾਰਜਕਾਰਨੀ ਮੈਂਬਰਾਂ ਵਲੋਂ ਕਾਨਫਰੰਸ ਦੀ ਕਾਮਯਾਬੀ ਲਈ ਸਹਿਯੋਗ ਦੀ ਹਾਮੀ ਭਰੀ।

**-ਅਮਰਜੀਤ ਸਿੰਘ ਜੀਤ, 9417287122**

### ਬਿਜਲੀ ਬੋਰਡਾਂ ਨੂੰ ਤੋੜਨ ਵਿਰੁੱਧ

# ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਨੇ ਕੀਤੀ ਗੇਟ ਰੈਲੀ



**ਫ਼ਿਰੋਜ਼ਪੁਰ, 13 ਦਸੰਬਰ (ਮਨੋਹਰ ਲਾਲ)** :— ਜੁਆਇੰਟ ਫੋਰਮ ਤੇ ਏਕਤਾ ਮੰਚ ਪੰਜਾਬ ਦੇ ਸੱਦੇ ਤੇ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਸ਼ਹਿਰੀ ਮੰਡਲ ਅਤੇ ਸਬ ਅਰਬਨ ਮੰਡਲ ਦੇ ਬਿਜਲੀ ਕਾਮਿਆਂ ਵੱਲੋਂ ਚੰਡੀਗੜ੍ਹ, ਰਾਜਸਥਾਨ ਅਤੇ ਯੂ.ਪੀ ਸਟੇਟਾਂ ਦੇ ਬਿਜਲੀ ਬੋਰਡਾਂ ਨੂੰ ਤੋੜ ਕੇ ਪ੍ਰਾਈਵੇਟ ਕਰਨ ਸਬੰਧੀ ਗੇਟ ਰੈਲੀ ਕੀਤੀ ਗਈ।ਇਸ ਰੈਲੀ ਦੀ ਪ੍ਰਧਾਨਗੀ ਰਾਜੇਸ਼ ਦੱਤਾ ਵਲੋਂ ਕੀਤੀ ਗਈ, ਜਦੋਂ ਕਿ ਸਟੇਜ਼ ਸਕੱਤਰ ਦੀ ਕਾਰਵਾਈ ਰੋਸ਼ਨ ਲਾਲ ਵੱਲੋਂ ਬਾਖੂਬੀ ਨਿਭਾਈ ਗਈ। ਇਸ ਰੈਲੀ ਵਿਚ ਵੱਖ—ਵੱਖ ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਸਰਕਲ ਸਕੱਤਰ ਸੁਖਚੈਨ ਸਿੰਘ, ਸਰਕਲ ਮੀਤ ਪ੍ਰਧਾਨ ਤ੍ਰਿਲੋਚਨ ਸਿੰਘ, ਪ੍ਰਧਾਨ ਸਬ ਡਵੀਜਨ ਕੈਂਟ ਨੰਬਰ 2, ਨੰਦ ਲਾਲ, ਰਾਜੇਸ਼ ਕੁਮਾਰ ਸਚਦੇਵਾ ਅਤੇ ਅਵਤਾਰ ਸਿੰਘ ਡਵੀਜਨ ਆਗੂ ਸਬ ਡਵੀਜਨ ਸ਼ੇਰਖਾਂ, ਰਾਮ ਸੁਖ, ਸਾਹਿਲ ਾਵਲਾ ਅਤੇ ਬਲਬੀਰ ਸਿੰਘ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਚੰਡੀਗੜ੍ਹ, ਰਾਜਸਥਾਨ ਅਤੇ ਯੂ.ਪੀ ਸਟੇਟਾਂ ਦੇ ਬਿਜਲੀ ਬੋਰਡਾਂ ਨੂੰ ਤੋੜ ਕੇ ਪ੍ਰਾਈਵੇਟ ਕਰਨ ਸਬੰਧੀ ਕੇਂਦਰ ਸਰਕਾਰ ਵੱਲੋਂ ਧੱਕੇਸ਼ਾਹੀ ਨਾਲ ਪ੍ਰਾਈਵੇਟ ਕੰਪਨੀਆਂ ਨੂੰ ਸੌਂਪਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧ ਵਿਚ ਪੰਜਾਬ ਦੇ ਬਿਜਲੀ ਕਾਮਿਆਂ ਵੱਲੋਂ ਚੰਡੀਗੜ੍ਹ ਬਿਜਲੀ ਬੋਰਡ ਦੇ ਕਾਮਿਆਂ ਦੀ ਹਮਾਇਤ ਕਰਦੇ ਹੋਏ ਕਿਹਾ ਕਿ ਜੇਕਰ ਇਸ ਨੂੰ ਪ੍ਰਾਈਵੇਟ ਹੱਥਾਂ ਵਿਚ ਦਿੱਤਾ ਤਾਂ ਪੰਜਾਬ ਦੇ ਬਿਜਲੀ ਕਾਮੇ ਇਸ ਦਾ ਡਟਵਾ ਵਿਰੋਧ ਕਰਨਗੇ। ਇਸ ਤੋਂ ਇਲਾਵਾ ਫੈਡਰੇਸ਼ਨ ਦੇ ਆਗੂਆਂ ਨੇ ਕਿਹਾ ਕਿ ਪਿਛਲੇ ਦਿਨਾਂ ਤੋਂ ਇਜ. ਨਵਨੀਤ ਕੁਮਾਰ ਵਧੀਕ ਨਿਗਰਾਨ ਇੰਜੀਨੀਅਰ ਟੈਕ ਵੱਲੋਂ ਕਰਮਚਾਰੀਆਂ ਨਾਲ ਕੀਤੀਆਂ ਜਾ ਰਹੀਆਂ ਮਨਮਾਨੀਆਂ ਦੇ ਖਿਲਾਫ ਸਰਕਲ ਦਫਤਰ ਫ਼ਿਰੋਜ਼ਪੁਰ ਸਾਹਮਣੇ 24 ਦਸੰਬਰ 24 ਨੂੰ ਵੱਡੀ ਗਿਣਤੀ ਵਿਚ ਧਰਨਾ ਦਿੱਤਾ ਜਾਵੇਗਾ ਅਤੇ ਇਸ ਧਰਨੇ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜਿੰਮੇਵਾਰੀ ਐਕਸੀਅਨ ਟੈਕ ਦੀ ਹੋਵੇਗੀ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬਿਜਲੀ ਬੋਰਡ ਦੀ ਪ੍ਰਮੁੱਖ ਜਥੇਬੰਦੀ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਦੀ ਮਹਿਨਾਵਾਰ ਮੀਟਿੰਗ ਹੋਈ



**ਧੂਰੀ, ( ਰਣਜੀਤ ਸਿੰਘ ਪੇਧਨੀ )**-ਬਿਜਲੀ ਬੋਰਡ ਦੀ ਪ੍ਰਮੁੱਖ ਜਥੇਬੰਦੀ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਦੀ ਮਹਿਨਾਵਾਰ ਮੀਟਿੰਗ ਸਰਕਲ ਆਗੂ ਜਰਨੈਲ ਸਿੰਘ ਮਾਨਾਂ ਤੇ ਮਨਜੀਤ ਸਿੰਘ ਲੱਡਾ ਦੀ ਪ੍ਰਧਾਨਗੀ ਹੇਠ ਡਵੀਜ਼ਨ ਧੂਰੀ ਵਿਖੇ ਹੋਈ।ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਪਿਛਲੇ ਦਿਨੀਂ ਜਥੇਬੰਦੀ ਦੇ ਜਾਝਰੂ ਮੈਂਬਰ ਧਰਮਪਾਲ ਸਿੰਘ ਧਰਮਾਂ ਜੋ ਸਦੀਵੀਂ ਵਿਛੋੜਾ ਦੇ ਗਏ ਸਨ ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।ਉਸ ਉਪਰੰਤ ਮੀਟਿੰਗ ਸ਼ੁਰੂ ਕੀਤੀ ਜਿਸ ਵਿੱਚ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਗਏ ਅਤੇ ਸਰਕਲ ਸੰਗਰੂਰ ਦੇ ਜਰਨਲ ਸਕੱਤਰ ਜਰਨੈਲ ਸਿੰਘ ਮਾਨਾਂ ਨੇ ਮੁਲਾਜਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਹਜਾਰਾਂ ਕਰੋੜ ਦੇ ਮੁਨਾਫੇ ਵਾਲੇ ਚੰਡੀਗੜ੍ਹ ਬਿਜਲੀ ਬੋਰਡ ਨੂੰ ਧੱਕੇਸ਼ਾਹੀ ਨਾਲ ਨਿੱਜੀ ਕੰਪਨੀ ਦੇ ਹਵਾਲੇ ਕਰਨ ਦੀ ਜਥੇਬੰਦੀ ਵਲੋਂ ਨਿਖੇਧੀ ਕੀਤੀ ਜਾਂਦੀ ਹੈ ਅਤੇ ਮੁਲਾਜਮਾਂ ਨੂੰ ਅਪੀਲ ਵੀ ਕੀਤੀ ਹੈ ਪੰਜਾਬ ਦੇ ਬਿਜਲੀ ਕਾਮਿਆਂ ਦੀਆਂ ਚੰਡੀਗੜ੍ਹ ਡਿਊਟੀਆਂ ਲਗਾਉਣ ਖਿਲਾਫ਼ 9 ਦਸੰਬਰ ਨੂੰ ਡਵੀਜ਼ਨ ਪੱਧਰ ਤੇ ਰੋਸ ਰੈਲੀਆਂ ਕੀਤੀਆਂ ਗਈਆਂ ਸੀ ਅਤੇ ਅੱਗੇ ਵੀ ਸਟੇਟ ਕਮੇਟੀ ਵੱਲੋਂ ਜਿਵੇਂ ਡਿਊਟੀਆਂ ਲਗਾਈਆਂ ਜਾਣਗੀਆਂ ਉਸ ਉੱਪਰ ਸਾਥੀਆਂ ਨੂੰ ਪਹਿਰਾ ਦੇਣ ਦੀ ਅਪੀਲ ਕੀਤੀ ਕਿਉਂਕਿ ਕਿਸੇ ਸਮੇਂ ਪੀ ਐੱਸ ਪੀ ਸੀ ਐੱਲ ਨੂੰ ਵੀ ਨਿੱਜੀ ਹੱਥਾਂ ਵਿੱਚ ਸੌਂਪੀਆਂ ਜਾ ਸਕਦਾ ਜੁਆਇੰਟ ਫੋਰਮ ਤੇ ਏਕਤਾ ਮੰਚ ਦੇ ਸੱਦੇ ਤੇ ਇੱਕਠੇ ਹੋ ਕੇ ਸੰਘਰਸ਼ ਕਰਨ ਲਈ ਤਿਆਰ ਰਹਿਣਾ। ਅਤੇ ਸਾਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਜਥੇਬੰਦੀ ਦੇ ਵਿਸਤਾਰ ਲਈ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਜਥੇਬੰਦੀ ਵਿੱਚ ਸ਼ਾਮਲ ਹੋਏ ਸਾਥੀ ਯਾਦਵਿੰਦਰ ਬੰਗਾਂਵਾਲੀ, ਗੁਰਦੀਪ ਸਿੰਘ ਧਾਂਦਰਾ, ਸਤਨਾਮ ਸਿੰਘ ਜਥੇਬੰਦੀ ਦੇ ਆਗੂਆਂ ਵੱਲੋਂ ਜਥੇਬੰਦੀ ਦੇ ਮੈਡਲ ਪਾ ਕੇ ਸਨਮਾਨ ਕੀਤਾ ਗਿਆ ਅਤੇ ਜਥੇਬੰਦੀ ਵੱਲੋਂ ਜੀ ਆਇਆਂ ਕਿਹਾ ਗਿਆ। ਡਵੀਜ਼ਨ ਪ੍ਰਧਾਨ ਗੁਰਪਿੰਦਰ ਸਿੰਘ ਕਹੇਰੂ ਵੱਲੋਂ ਮੀਟਿੰਗ ਵਿੱਚ ਪਹੁੰਚੇ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਜਿਹੜੇ ਸਾਥੀ ਮੀਟਿੰਗ ਵਿੱਚ ਕਿਸੇ ਕਾਰਨਾਂ ਕਰਕੇ ਨਹੀਂ ਪੰਹੁਚ ਸਕੇ ਅਗਲੀ ਮੀਟਿੰਗ ਵਿੱਚ ਵੱਧ ਤੋਂ ਵੱਧ ਸਾਥੀ ਹਾਜਰੀ ਲਗਵਾਉਣ ਦੀ ਬੇਨਤੀ ਕੀਤੀ ਤੇ ਸਾਥੀਆਂ ਨੂੰ ਅਪੀਲ ਕੀਤੀ ਹੈ ਕਿ ਮੀਟਿੰਗ ਵਿੱਚ ਆ ਕੇ ਹੀ ਮਸਲੇ ਹੱਲ ਹੋ ਸਕਦੇ ਹਨ ਅਤੇ ਸਾਥੀਆਂ ਵਿੱਚ ਪੈਦਾ ਹੋਈ ਨਿਰਾਸ਼ਾ ਨੂੰ ਦੂਰ ਕੀਤਾ ਜਾ ਸਕਦਾ ਹੈ।ਮੀਟਿੰਗ ਵਿਚ ਜਸਵੀਰ ਸ਼ਰਮਾਂ, ਅਮਰਜੀਤ ਦਾਸ ਮੀਮਸਾ, ਸੰਦੀਪ ਦੀਦਾਰਗੜ੍ਹ, ਇੰਦਰਜੀਤ ਕੁਮਾਰ, ਗੁਰਵਿੰਦਰ ਬਰੜਵਾਲ, ਹਰਦੀਪ ਕੁਮਾਰ, ਗੁਰਸੇਵਕ ਸਿੰਘ, ਕੁਲਦੀਪ ਸਿੰਘ ਬੱਬੂ, ਕੁਲਦੀਪ ਸਿੰਘ ਡਿੰਪੀ, ਖੁਸ਼ਾਰ ਸਿੰਘ, ਸੁਖਜੀਤ ਸਿੰਘ, ਜੱਗਾ ਸਿੰਘ ਮੀਮਸਾ, ਕਰਨਵੀਰ ਸਿੰਘ, ਜਸਵੀਰ ਸਿੰਘ ਸਲੇਮਪੁਰ, ਸੁਖਵੀਰ ਸਿੰਘ ਕੱਕੜਵਾਲ, ਸਮਸ਼ੇਰ ਸਿੰਘ, ਸੰਦੀਪ ਸਿੰਘ ਲੱਡਾ, ਸਰਬਜੀਤ ਸਿੰਘ, ਸੁਖਵੀਰ ਸਿੰਘ ਬਰੜਵਾਲ ਆਦਿ ਹਾਜ਼ਰ ਸਨ।

# ਜਗਜੀਤ ਸਿੰਘ ਡੱਲੇਵਾਲ ਨਾਲ ਅਣਹੋਣੀ ਘਟਨਾ ਵਾਪਰਨ ਤੇ ਮੁਲਕ ਅੰਦਰ ਵਿਸਫੋਟਕ ਹਾਲਾਤ ਬਣਨ 'ਤੇ ਸਰਕਾਰ ਹੋਵੇਗੀ ਜਿੰਮੇਵਾਰ : ਮਾਨ

## ਸਰਕਾਰ ਕਿਸਾਨਾਂ ਨਾਲ ਟੇਬਲ ਤੇ ਬੈਠਕੇ ਮਸਲੇ ਨੂੰ ਸੰਜੀਦਗੀ ਨਾਲ ਹੱਲ ਕਰੇ

**ਨਵੀਂ ਦਿੱਲੀ, 13 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- "ਜੋ ਕਿਸਾਨੀ ਮੰਗਾਂ ਦੀ ਪੂਰਤੀ ਹਿੱਤ ਕਿਸਾਨ ਆਗੂ ਸ. ਜਗਜੀਤ ਸਿੰਘ ਡੱਲੇਵਾਲ ਨੇ ਬੀਤੇ 19 ਦਿਨਾਂ ਤੋਂ ਖਨੌਰੀ ਬਾਰਡਰ ਉਤੇ ਮਰਨ ਵਰਤ ਤੇ ਬੈਠੇ ਹਨ, ਉਸ ਨਾਲ ਉਨ੍ਹਾਂ ਦੀ ਸਰੀਰਕ ਹਾਲਾਤ ਅਤਿ ਦਿਨ-ਬ-ਦਿਨ ਗੰਭੀਰ ਹੁੰਦੀ ਜਾ ਰਹੀ ਹੈ । ਇਸ ਲਈ ਮੋਦੀ ਹਕੂਮਤ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੀਆਂ ਜਿੰਦਗਾਨੀਆਂ ਨਾਲ ਖਿਲਵਾੜ ਕਰਨ ਦੀ ਬਜਾਇ, ਉਨ੍ਹਾਂ ਦੀਆਂ ਜਾਇਜ ਮੰਗਾਂ ਦੀ ਪੂਰਤੀ ਕਰਦੇ ਹੋਏ ਉਨ੍ਹਾਂ ਨਾਲ ਟੇਬਲ ਤੇ ਬੈਠਕੇ ਮਸਲੇ ਨੂੰ ਸੰਜੀਦਗੀ ਨਾਲ ਹੱਲ ਕੀਤਾ ਜਾਵੇ ।ਜੇਕਰ ਇਸ ਅਤਿ ਸੰਜੀਦਾ ਭਰੇ ਕਿਸਾਨੀ ਮੁੱਦੇ ਤੇ ਪਹਿਲੋ ਹੀ ਅਪਣਾਈ ਗਈ ਟਾਲਮਟੋਲ ਦੀ ਕਿਸਾਨ ਮਾਰੂ ਨੀਤੀ ਅਧੀਨ ਅਮਲ ਕੀਤਾ ਜਾਂਦਾ ਰਿਹਾ ਅਤੇ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਮਸਲਿਆ ਨੂੰ ਹੱਲ ਨਾ ਕੀਤਾ ਤਾਂ ਸ. ਜਗਜੀਤ ਸਿੰਘ ਡੱਲੇਵਾਲ ਨਾਲ ਕੋਈ ਵੀ ਅਣਹੋਣੀ ਘਟਨਾ ਵਾਪਰਨ ਤੇ ਸਮੁੱਚੇ ਮੁਲਕ ਦੇ ਹਾਲਾਤ ਅਤਿ ਵਿਸਫੋਟਕ ਬਣ ਜਾਣਗੇ । ਜਿਸ ਉਤੇ ਹੁਕਮਰਾਨਾਂ ਨੂੰ ਕਾਬੂ ਪਾਉਣਾ ਮੁਸਕਿਲ ਹੋ ਜਾਵੇਗਾ । ਇਸ ਲਈ ਸੈਟਰ ਦੀ ਮੋਦੀ ਹਕੂਮਤ ਲਈ ਇਹ ਬਿਹਤਰ ਹੋਵੇਗਾ ਕਿ ਉਹ ਪੰਜਾਬੀਆਂ ਤੇ ਸਿੱਖਾਂ ਦੀਆਂ ਵਿਧਾਨਿਕ, ਸਮਾਜਿਕ ਜਾਇਜ ਮੰਗਾਂ ਨੂੰ ਧਿਆਨ ਵਿਚ ਰੱਖਦੇ ਹੋਏ ਕਿਸਾਨੀ, ਚੱਲ ਰਹੇ ਸੰਘਰਸ ਅਤੇ ਪੰਜਾਬੀਆਂ ਵਿਚ ਉੱਠ ਰਹੇ ਰੋਹ ਨੂੰ ਸ਼ਾਂਤ ਕਰਨ ਲਈ ਫੋਰੀ ਅਮਲੀ ਰੂਪ ਵਿਚ ਕਦਮ ਉਠਾਇਆ ਜਾਵੇ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਸਾਨੀ ਮੰਗਾਂ ਦੀ ਪੂਰਤੀ ਅਧੀਨ ਸ. ਜਗਜੀਤ ਸਿੰਘ ਡੱਲੇਵਾਲ ਵੱਲੋ ਰੱਖੇ ਗਏ ਮਰਨ ਵਰਤ ਉਪਰੰਤ ਦਿਨ-ਬ-ਦਿਨ ਉਨ੍ਹਾਂ ਦੀ ਸਿਹਤ ਨੂੰ ਲੈਕੇ ਗੰਭੀਰ ਹੁੰਦੀ ਜਾ ਰਹੀ ਸਥਿਤੀ ਦੇ ਮਾਰੂ ਨਤੀਜਿਆ ਤੋ ਸੈਟਰ ਦੀ ਮੋਦੀ ਹਕੂਮਤ ਨੂੰ ਖਬਰਦਾਰ ਕਰਦੇ ਹੋਏ ਪ੍ਰਗਟ ਕੀਤੇ ।ਉਨ੍ਹਾਂ ਕਿਹਾ ਕਿ ਸੈਟਰ ਦੇ ਹੁਕਮਰਾਨਾਂ ਵੱਲੋ ਪੰਜਾਬ ਸੂਬੇ, ਪੰਜਾਬੀਆਂ, ਕਿਸਾਨਾਂ ਅਤੇ ਸਿੱਖ ਕੌਮ ਨਾਲ ਲੰਮੇ ਸਮੇ ਤੋ ਅਪਣਾਈ ਜਾਂਦੀ ਆ ਰਹੀ ਨੀਤੀ ਤੋ ਜਾਪਦਾ ਹੈ ਕਿ ਹੁਕਮਰਾਨਾਂ ਨੂੰ ਇਨ੍ਹਾਂ ਦੀ ਪ੍ਰਵਾਹ ਤਾਂ ਨਹੀ ਹੈ, ਜੋ ਜਾਣਬੁੱਝ ਕੇ ਪੰਜਾਬ ਦੀ ਸਥਿਤੀ ਨੂੰ ਹੋਰ ਗੁੰਝਲਦਾਰ ਬਣਾਉਣ ਵਿਚ ਮਸਰੂਫ ਹਨ ।ਜੇਕਰ ਰੱਬ ਨਾ ਕਰੇ ਇਸ ਵੱਡੇ ਮੁੱਦੇ ਉਤੇ ਕੋਈ ਅਣਹੋਣੀ ਗੱਲ ਵਾਪਰ ਗਈ ਤਾਂ ਹਿੰਦੂਤਵ ਹੁਕਮਰਾਨਾਂ ਲਈ ਵੀ ਵੱਡਾ ਸੰਕਟ ਖੜ੍ਹਾ ਹੋ ਜਾਵੇਗਾ ਅਤੇ ਇਹ ਵੀ ਇਸ ਲਗਾਈ ਜਾ ਰਹੀ ਅੱਗ ਦੇ ਸੇਕ ਤੋ ਬਚ ਨਹੀ ਸਕਣਗੇ ।



## ਗਾਲਾਂ ਕੱਢਣ ਵਾਲਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਧਾਮੀ ਤੁਰੰਤ ਅਸਤੀਫਾ ਦੇਵੇ

# ਜਥੇਦਾਰ ਤਨਖਾਹ ਲਗਾਉਣ ਤੇ ਕਾਨੂੰਨੀ ਕਾਰਵਾਈ ਵੀ ਹੋਵੇ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ



**ਅੰਮ੍ਰਿਤਸਰ, 13 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਕੌਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਆਡੀਓ ਵਿੱਚ ਸ਼੍ਰੋਮਣੀ ਕਮੇਟੀ ਦੀ ਹੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਬੇਹੱਦ ਗੰਦੀਆਂ ਗਾਲਾਂ ਕੱਢੀਆਂ ਹਨ। ਇਸ ਸੰਬੰਧੀ ਗੱਲ ਕਰਦਿਆਂ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਗਾਲਾਂ ਕੱਢਣ ਵਾਲਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਧਾਮੀ ਤੁਰੰਤ ਆਪਣੇ ਅਹੁਦੇ ਤੋਂ ਅਸਤੀਫਾ ਦੇਵੇ, ਉਸਨੇ ਆਪਣੇ ਅਹੁਦੇ ਅਤੇ ਸ਼ਖਸੀਅਤ ਦਾ ਮਾਣ-ਸਤਿਕਾਰ ਕਾਇਮ ਨਹੀਂ ਰੱਖਿਆ ਤੇ ਐਨੇ ਨੀਵੇਂ ਪੱਧਰ ਦੀ ਸ਼ਬਦਾਵਲੀ ਵਰਤ ਕੇ ਸੰਸਾਰ ਭਰ ਦੀਆਂ ਸੰਗਤਾਂ ਤੋਂ ਲਾਹਣਤਾਂ ਖੱਟ ਲਈਆਂ ਹਨ। ਧਾਮੀ ਦੀ ਮੰਦਭਾਸ਼ਾ ਨੇ ਸਾਬਤ ਕਰ ਦਿੱਤਾ ਕਿ ਉਹ ਕੋਈ ਗੁਰਮੁਖ, ਨਿਮਾਣਾ, ਨੇਕ, ਸੂਝਵਾਨ, ਪੜ੍ਹਿਆ-ਲਿਖਿਆ ਤੇ ਸਿਆਣਾ ਨਹੀਂ, ਸਗੋਂ ਉਸਦੇ ਅੰਦਰ ਗੰਦਗੀ ਭਰੀ ਹੋਈ ਹੈ ਤੇ ਉਹ ਬਜ਼ੁਰਗ ਉਮਰ ਵਿੱਚ ਵੀ ਗਾਲਾਂ ਕੱਢ ਰਿਹਾ ਹੈ। ਅਜਿਹੇ ਲੋਕ ਸਿੱਖ ਕੌਮ ਨੂੰ ਕੀ ਸੇਧ ਦੇਣਗੇ, ਉਸਨੇ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਅਤੇ ਸੰਸਥਾ ਦਾ ਵੱਕਾਰ ਵੀ ਰੋਲ ਦਿੱਤਾ ਹੈ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੁਰੰਤ ਆਦੇਸ਼ ਕਰਨ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਆਪਣੇ ਅਹੁਦੇ ਤੋਂ ਅਸਤੀਫਾ ਦੇਵੇ, ਉਸ ਨੂੰ ਧਾਰਮਿਕ ਤਨਖਾਹ ਵੀ ਲਗਾਈ ਜਾਵੇ ਅਤੇ ਬੀਬੀ ਜਗੀਰ ਕੌਰ ਨੂੰ ਚਾਹੀਦਾ ਹੈ ਕਿ ਉਹ ਧਾਮੀ ਉੱਤੇ ਕਾਨੂੰਨੀ ਕਾਰਵਾਈ ਕਰਵਾਵੇ। ਉਹਨਾਂ ਕਿਹਾ ਕਿ ਪ੍ਰਧਾਨ ਧਾਮੀ ਜੋ ਕਦੇ ਜੁਰਅਤ ਨਾਲ ਕੌਮ, ਪੰਥ ਅਤੇ ਗੁਰੂ ਵੱਲ ਨਹੀਂ ਖੜ ਸਕਦੇ, ਇਹ ਤਾਂ ਸੁਖਬੀਰ ਸਿੰਘ ਬਾਦਲ ਦੀ ਚਾਪਲੂਸੀ ਨੇ ਜੱਗ ਜ਼ਾਹਰ ਕਰ ਦਿੱਤਾ ਸੀ, ਪਰ ਤੁਸੀਂ ਇੰਨੀ ਗੰਦੀ ਸ਼ਬਦਾਵਲੀ ਵਰਤ ਸਕਦੇ ਹੋ (ਉਹ ਵੀ ਇੱਕ ਪੱਤਰਕਾਰ ਨਾਲ ਗੱਲ ਕਰਦਿਆਂ) ਇਸ ਗੱਲ ਨੇ ਹਰ ਸਿੱਖ ਨੂੰ ਹੈਰਾਨ ਹੀ ਨਹੀਂ ਬਲਕਿ ਪ੍ਰੇਸ਼ਾਨ ਵੀ ਕਰ ਦਿੱਤਾ ਹੈ। ਸਵਾਲ ਇਹ ਨਹੀਂ ਹੈ ਕਿ ਉਹ ਸ਼ਬਦ ਕਿਸ ਲਈ ਵਰਤੇ ਗਏ ਹਨ, ਸਵਾਲ ਇਹ ਹੈ ਕਿ ਇਹ ਸ਼ਬਦ ਵਰਤ ਕੌਣ ਰਿਹਾ ਹੈ। ਜ਼ਰਾ ਸੋਚੋ ਤੁਸੀਂ ਦੁਨੀਆਂ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੀ ਅਕਸ ਪੇਸ਼ ਕੀਤਾ ਹੈ ? ਤੁਹਾਨੂੰ ਮੁਆਫ਼ੀ ਦੀ ਬਜਾਇ ਅੱਜ ਅਸਤੀਫ਼ਾ ਲਿਖਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਗੁਰੂ ਸਾਹਿਬ ਕਲਾ ਵਰਤਾ ਰਹੇ ਹਨ ਅਤੇ ਬਾਦਲਾਂ ਦੇ ਚਾਪਲੂਸ ਅਤੇ ਚਮਚਿਆਂ ਦੇ ਕਰੂਪ ਚਿਹਰੇ ਨੰਗੇ ਕਰ ਰਹੇ ਹਨ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਬੀਬੀ ਜਗੀਰ ਕੌਰ ਨਾਲ ਜਿੰਨੇ ਮਰਜ਼ੀ ਵਖਰੇਵੇਂ, ਮੱਤਭੇਦ ਅਤੇ ਅਸਹਿਮਤੀ ਹੋਵੇ ਪਰ ਉਸਨੂੰ ਭੱਦੀ ਸ਼ਬਦਾਵਲੀ ਬੋਲਣਾ, ਕਿਸੇ ਪੱਖ ਤੋਂ ਵੀ ਜਾਇਜ਼ ਨਹੀਂ ਹੈ, ਧਾਮੀ ਸਿੱਖੀ ਸਿਧਾਂਤ ਤੋਂ ਕੋਰਾ ਹੈ, ਹਾਲਾਂਕਿ ਕਿਸੇ ਦਾ ਵੀ ਸਾਰਥਿਕ ਵਿਰੋਧ ਅਤੇ ਆਲੋਚਨਾ ਹੋ ਸਕਦੀ ਹੈ, ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੂੰ ਗਾਲਾਂ ਕੱਢਣ ਦਾ ਹੱਕ ਕਿਸ ਨੇ ਦਿੱਤਾ ਹੈ, ਇਹ ਸਿੱਖਿਆ ਉਸਨੇ ਕਿੱਥੋਂ ਪ੍ਰਾਪਤ ਕੀਤੀ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਹੁਣ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਕੇਵਲ ਗਾਲਾਂ ਹੀ ਕੱਢੀਆਂ ਹਨ ਪਰ ਅਕਤੂਬਰ 2020 ਵਿੱਚ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ (ਤੇਜਾ ਸਿੰਘ ਸਮੁੰਦਰੀ ਹਾਲ) ਵਿੱਚ ਹੀ ਬਾਦਲ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਗੁੰਡਿਆਂ ਅਤੇ ਅਧਿਕਾਰੀਆਂ ਨੇ ਲਾਪਤਾ 328 ਪਾਵਨ ਸਰੂਪਾਂ ਦਾ ਇਨਸਾਫ ਮੰਗ ਰਹੇ ਗੁਰਸਿੱਖਾਂ ਨੂੰ ਡਾਂਗਾਂ ਅਤੇ ਤਲਵਾਰਾਂ ਨਾਲ ਕੁੱਟਿਆ-ਵੱਢਿਆ ਸੀ, ਕੇਸਾਂ ਤੇ ਕਕਾਰਾਂ ਦੀ ਬੇਅਦਬੀ ਕੀਤੀ ਅਤੇ ਤਿੰਨ ਸੰਘਰਸ਼ਸ਼ੀਲ ਗੁਰਸਿੱਖ ਬੀਬੀਆਂ ਜਿਨ੍ਹਾਂ ਵਿੱਚ ਸਤਿਕਾਰ ਕਮੇਟੀ ਦੇ ਪ੍ਰਧਾਨ ਭਾਈ ਸੁਖਜੀਤ ਸਿੰਘ ਖੋਸੇ ਦੀ ਸੁਪਤਨੀ ਬੀਬੀ ਰਜਵੰਤ ਕੌਰ, ਬੀਬੀ ਮਨਿੰਦਰ ਕੌਰ ਅਤੇ ਬੀਬੀ ਰਾਜਵਿੰਦਰ ਕੌਰ ਦੀ ਵੀ ਸ਼੍ਰੋਮਣੀ ਕਮੇਟੀ ਨੇ ਭਾਰੀ ਕੁੱਟਮਾਰ ਕੀਤੀ, ਦੁਮਾਲੇ ਲਾਹੇ ਅਤੇ ਬੀਬੀਆਂ ਦੇ ਕੱਪੜੇ ਤੱਕ ਪਾੜ ਦਿੱਤੇ ਸਨ। ਉਹਨਾਂ ਕਿਹਾ ਕਿ ਸਿੱਖ ਤਾਂ ਬੇਗਾਨੀ ਔਰਤ ਉੱਤੇ ਵੀ ਵਾਰ ਨਹੀਂ ਕਰਦੇ ਤੇ ਨਾ ਹੀ ਮੰਦਾ ਬੋਲਦੇ ਹਨ, ਪਰ ਬਾਦਲ ਦਲੀਏ ਅਤੇ ਸ਼੍ਰੋਮਣੀ ਕਮੇਟੀ ਵਾਲੇ ਆਪਣੀਆਂ ਹੀ ਸਿੱਖ ਬੀਬੀਆਂ ਨੂੰ ਗਾਲਾਂ ਕੱਢਦੇ ਹਨ ਤੇ ਜਦੋਂ ਗੁੰਡਾਗਰਦੀ ਉੱਤੇ ਉੱਤਰ ਆਉਂਦੇ ਹਨ ਤਾਂ ਬੁੱਚੜ ਪੁਲਿਸ ਅਫਸਰਾਂ ਵਾਂਗ ਸਿੰਘਾਂ ਅਤੇ ਸਿੰਘਣੀਆਂ ਉੱਤੇ ਜੁਲਮ ਢਾਹੁੰਦੇ ਹਨ।

## ਵਿਧਾਇਕਾ ਜੀਵਨਜੋਤ ਕੌਰ ਦੀ ਅਗਵਾਈ 'ਚ

# ਵਾਰਡ ਨੰਬਰ 32 ਦੀ ਨੁਹਾਰ ਬਦਲ ਦੇਵਾਂਗੇ - ਜਸਕੀਰਤ ਸੁਲਤਾਨਵਿੰਡ



**ਚੌਕ ਮਹਿਤਾ, 13 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)** - ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਪੂਰਬੀ ਅਧੀਨ ਆਉਂਦੀ ਵਾਰਡ ਨੰਬਰ 32 ਦੇ ਉਮੀਦਵਾਰ ਜਸਕੀਰਤ ਸਿੰਘ ਸੁਲਤਾਨਵਿੰਡ ਦੇ ਗ੍ਰਹਿ ਵਿਖੇ ਨਗਰ ਨਿਗਮ ਦੀਆਂ ਚੋਣਾਂ ਨੂੰ ਲੈ ਕੇ ਅੱਜ ਇਲਾਕਾ ਨਿਵਾਸੀਆਂ 'ਤੇ ਵਰਕਰਾਂ ਦੀ ਇੱਕ ਵਿਸ਼ਾਲ ਮੀਟਿੰਗ ਹੋਈ।ਇਸ ਮੌਕੇ ਜਸਕੀਰਤ ਸੁਲਤਾਨਵਿੰਡ ਨੇ ਕਿਹਾ ਕਿ ਉਹ ਸਮੂੰਹ ਇਲਾਕਨਿਵਾਸੀਆਂ ਅਤੇ ਵਰਕਰਾਂ ਦੀ ਇਛਾ ਨੂੰ ਵੇਖਦੇ ਹੋਏ 'ਆਪ' ਵਿੱਚ ਸ਼ਾਮਿਲ ਹੋਏ ਹਨ ਅਤੇ ਉਨ੍ਹਾਂ ਦਾ ਮੁੱਖ ਮਕਸਦ ਜਿਥੇ ਸਮਾਜ ਸੇਵੀਂ ਕਾਰਜ ਕਰਨੇ ਹਨ ਉਥੇ ਹੀ ਵਾਰਡ ਨੰਬਰ 32 ਵਿੱਚ ਰਹਿੰਦੇ ਅਧੂਰੇ ਕੰਮਾਂ ਨੂੰ ਪੂਰਾ ਕਰਨਾ ਹੈ ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਮੈਡਮ ਜੀਵਨਜੋਤ ਕੌਰ ਦੀ ਅਗਵਾਈ ਵਿੱਚ ਵਾਰਡ ਦੀ ਨੁਹਾਰ ਪੂਰੀ ਤਰ੍ਹਾਂ ਬਦਲ ਦਿੱਤੀ ਜਾਵੇਗੀ ਅਤੇ ਲੋਕਾਂ ਦੇ ਕੰਮ 'ਆਪ' ਦੀ ਸਰਕਾਰ ਵਿੱਚ ਪਹਿਲ ਦੇ ਅਧਾਰ ਤੇ ਹੋਣਗੇ।ਉਨ੍ਹਾਂ ਕਿਹਾ ਕਿ ਪਿਛਲੇ 12 ਸਾਲਾਂ ਤੋਂ ਇਲਾਕਾਨਿਵਾਸੀਆਂ ਨੇ ਜਿੰਨ੍ਹਾਂ ਮਾਨ ਸਤਿਕਾਰ ਉਨ੍ਹਾਂ ਨੂੰ ਦਿੱਤਾ ਹੈ ਉਹ ਸਦਾ ਉਨ੍ਹਾਂ ਦੇ ਰਿਣੀ ਰਹਿਣਗੇ ਅਤੇ ਪਹਿਲਾਂ ਵਾਂਗ ਹੀ ਲੋਕਾਂ ਦੀਆਂ ਮੁਸ਼ਿਕਲਾਂ ਪਹਿਲ ਦੇ ਅਧਾਰ ਤੇ ਹੱਲ ਕਰਵਾਉਣਗੇ।ਇਸ ਮੌਕੇ ਅਤਿੰਦਰ ਸਿੰਘ ਸ਼ਰੀ, ਸੁਰਜੀਤ ਰੂਬੀ, ਅਵਤਾਰ ਸਿੰਘ ਰਾਜੂ ਜਸਬੀਰ ਸਿੰਘ ਆਰਟੀਟੈਕਟ, ਮਾਸਟਰ ਹਰਪਾਲ ਸਿੰਘ, ਗੁਰਚਰਨ ਸਿੰਘ ਬਿੱਟੂ , ਕੁਲਦੀਪ ਸਿੰਘ ਕੰਡਾ, ਗੁਰਮੁਖ ਸਿੰਘ ਬਿੱਟੂ, ਜਗਜੀਤ ਸਿੰਘ ਜੋਹਲ , ਬਲਬੀਰ ਸਿੰਘ ਬੀਰਾ, ਰਾਜਬੀਰ ਸਿੰਘ, ਭੁਪਿੰਦਰ ਸਿੰਘ ਸੋਢੀ, ਸਰਬਜੀਤ ਸਿੰਘ ਭਾਗੋਵਾਲ, ਤਜਿੰਦਰ ਸਿੰਘ ਸੋਨੂ, ਹਰਜੀਤ ਸਿੰਘ ਲਵਲੀ ਫੈਨ ਵਾਲੇ ਆਦਬੀਰ ਸਿੰਘ, ਜੁਗਾਦਬੀਰ ਸਿੰਘ, ਸਵਿੰਦਰ ਸਿੰਘ ਠੇਕੇਦਾਰ, ਮਨਦੀਪ ਸਿੰਘ ਮੰਨੂ, ਲਵਜੀਤ ਸਿੰਘ ਲਵ, ਕੁਲਦੀਪ ਸਿੰਘ ਭੋਮਾ, ਸ਼ਮਸ਼ੇਰ ਸਿੰਘ ਸ਼ੇਰਾ ਆਦਿ ਮੌਜੂਦ ਸਨ।

## ਸਿਆਣੇ ਕਹਿੰਦੇ ਨੇ ਇੱਕ ਥਾਂ ਪਿਆ ਪੱਥਰ ਭਾਰੀ ਹੁੰਦਾ

# ਪਾਰਟੀ ਪ੍ਰਤੀ ਵਫਾਦਾਰੀਆਂ ਕਰਕੇ ਮਿਲਦੀ ਹੈ ਵੱਡੀ ਜਿੰਮੇਵਾਰੀ



**ਸਿਆਣੇ** ਕਹਿੰਦੇ ਨੇ ਇੱਕ ਥਾਂ ਪਿਆ ਪੱਥਰ ਭਾਰੀ ਹੁੰਦਾ । ਜਦੋਂ ਆਪਾਂ ਰਾਜਨੀਤਿਕ ਸ਼ਖਸੀਅਤਾਂ ਦੀ ਗੱਲ ਕਰਦੇ ਆਂ ਤਾਂ ਪਟਿਆਲੇ ਜ਼ਿਲ੍ਹੇ ਦਾ ਇੱਕ ਵੱਡਾ ਨਾਂ ਹੈ ਹੈਪੀ ਪਹਾੜੀਪੁਰ ਉਰਫ (ਗੁਰਵਿੰਦਰ ਸਿੰਘ) । ਸਿਆਣੇ ਕਹਿੰਦੇ ਨੇ ਜੇ ਕਿਸੇ ਬੰਦੇ ਦਾ ਕਿਰਦਾਰ ਪਰਖਣਾ ਹੋਵੇ ਤਾਂ ਇਹ ਦੇਖਣਾ ਹੁੰਦਾ ਕਿ ਉਸ ਸ਼ਖਸੀਅਤ ਦੇ ਪੁਰਾਣੇ ਦੋਸਤ ਕਿੰਨੇ ਨੇ ਤੇ ਅੱਜ ਉਹਦੇ ਨਾਲ ਕਿੰਨੇ ਖੜੇ ਨੇ । ਕੁਝ ਇਸੇ ਤਰੀਕੇ ਨਾਲ ਹੀ ਆਮ ਆਦਮੀ ਪਾਰਟੀ ਦੇ ਜ਼ਿਲਾ ਪਟਿਆਲਾ ਤੋਂ ਪ੍ਰਧਾਨ ਹੈਪੀ ਪਹਾੜੀਪੁਰ ਜੋ ਰਾਜਨੀਤੀ ਦੇ ਵਿੱਚ ਸਟੈਂਡ ਲਈ ਜਾਣੇ ਜਾਂਦੇ ਨੇ । ਆਮ ਆਦਮੀ ਪਾਰਟੀ ਦੀ ਜਦੋਂ ਸ਼ੁਰੂਆਤ ਸੀ ਉਦੋਂ ਤੋਂ ਲੈ ਕੇ ਅੱਜ ਤੱਕ ਕਿਸੇ ਪੁਰਾਣੇ ਸਤੀਰ ਦੇ ਵਾਂਗ ਆਮ ਆਦਮੀ ਪਾਰਟੀ ਦੇ ਨਾਲ ਡਟੇ ਖੜੇ ਨੇ । ਹੈਪੀ ਪਹਾੜੀਪੁਰ ਨੂੰ ਪਟਿਆਲੇ ਜਿਲੇ ਦੇ ਉਹਨਾਂ ਵਰਕਰਾਂ ਦੇ ਵਜੋਂ ਜਾਣਿਆ ਜਾਂਦਾ ਹੈ ਜਿਹੜੇ ਪਾਰਟੀ ਨਾਲ ਸ਼ੁਰੂ ਤੋਂ ਨਾਲ ਖੜਨ ਵਾਲਿਆਂ ਦੀ ਲਿਸਟ ਵਿੱਚ ਆਉਂਦੇ ਹਨ । ਸਮੇਂ ਸਮੇਂ ਤੇ ਹੈਪੀ ਪਹਾੜੀਪੁਰ ਨੂੰ ਪਾਰਟੀ ਵੱਲੋਂ ਵੱਡੇ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਰਿਹਾ ਹੈ । ਅਸਲ ਦੇ ਵਿੱਚ ਐਸੀਆਂ ਸ਼ਖਸੀਅਤਾਂ ਅਹੁਦਿਆਂ ਦੀ ਮੁਹਤਾਜ ਨਹੀਂ ਹੁੰਦੀਆਂ ਸਗੋਂ ਰਾਜਨੀਤਿਕ ਪਾਰਟੀਆਂ ਐਸੀ ਸ਼ਖਸੀਅਤਾਂ ਦੀ ਨੀਹ ਕਰਕੇ ਖੜੀਆਂ ਨੇ ।

**-ਪਰਗਟ ਸਿੰਘ ਬਲਬੇੜਾ**

**9022000070**

# ਜੰਗਲਾਤ ਵਰਕਰਾਂ ਵੱਲੋਂ ਰੇਂਜ ਦਫਤਰ ਸਾਹਮਣੇ ਲਾਇਆ ਧਰਨਾ ਸੱਤਵੇਂ ਦਿਨ ਵੀ ਜਾਰੀ



**ਫ਼ਿਰੋਜ਼ਪੁਰ, 13 ਦਸੰਬਰ (ਮਨੋਹਰ ਲਾਲ)** :— ਜੰਗਲਾਤ ਵਰਕਰਜ ਯੂਨੀਅਨ ਰੇਂਜ ਫਿਰੋਜ਼ਪੁਰ ਵੱਲੋਂ ਵਰਕਰਾ ਦੀਆਂ ਮੰਗਾਂ ਦੇ ਸਬੰਧ ਵਿੱਚ ਰੇਂਜ ਦਫਤਰ ਫਿਰੋਜ਼ਪੁਰ ਸਾਹਮਣੇ ਲਾਇਆ ਧਰਨਾ ਸੱਤਵੇਂ ਦਿਨ ਵੀ ਜਾਰੀ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਂਜ ਪ੍ਰਧਾਨ ਮੁਖਤਿਆਰ ਸਿੰਘ, ਜਨਰਲ ਸਕੱਤਰ ਬਲਵਿੰਦਰ ਸਿੰਘ, ਵਿੱਤ ਸਕੱਤਰ ਮਹਿੰਦਰ ਸਿੰਘ, ਰਾਜ ਸਿੰਘ ਜੁਆਇੰਟ ਸਕੱਤਰ ਨੇ ਦੱਸਿਆ ਕਿ ਵਣ ਮੰਡਲ ਅਫਸਰ ਫਿਰੋਜ਼ਪੁਰ ਵੱਲੋਂ ਵਰਕਰਾਂ ਦੀਆਂ ਮੰਨੀਆਂ ਮੰਗਾਂ ਨੂੰ ਰੇਂਜ ਅਫਸਰ ਫਿਰੋਜ਼ਪੁਰ ਲਾਗੂ ਨਹੀਂ ਕਰ ਰਿਹਾ ਅਤੇ ਵਰਕਰਾਂ ਦੀਆਂ ਮੰਗਾਂ ਦੇ ਸਬੰਧ ਵਿਚ ਜਦੋਂ ਰੇਂਜ ਅਫਸਰ ਨਾਲ ਮੀਟਿੰਗ ਕੀਤੀ ਤਾਂ ਰੇਂਜ ਅਫਸਰ ਨੇ ਮੰਗਾਂ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ, ਜਿਸ ਕਾਰਨ ਫੀਲਡ ਵਰਕਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੇਂਜ ਅਫਸਰ ਵੱਲੋਂ ਜੇਕਰ ਵਰਕਰਾਂ ਦੀਆਂ ਮੰਗਾਂ ਨੂੰ ਗੱਲਬਾਤ ਰਾਹੀਂ ਹਲ ਨਾ ਕੀਤਾ ਤਾਂ ਰੇਜ ਦਫਤਰ ਫਿਰੋਜ਼ਪੁਰ ਵਿਖੇ ਲਾਇਆ ਧਰਨਾ ਵਰਕਰਾਂ ਦੀਆਂ ਮੰਗਾਂ ਮੰਨਣ ਤਕ ਲਗਾਤਾਰ ਜਾਰੀ ਰਹੇਗਾ। ਇਸ ਧਰਨੇ ਵਿਚ ਨਿਸਾਨ ਸਿੰਘ, ਜਸਵਿੰਦਰ ਸਿੰਘ ਮਿਹਰ ਸਿੰਘ ਜਿਲਾ ਜਨਰਲ ਸਕੱਤਰ ਬਲਵੀਰ ਸਿੰਘ ਗੋਖੀਵਾਲਾ ਸੀਨੀਅਰ ਮੀਤ ਪ੍ਰਧਾਨ, ਗੁਰਬੀਰ ਸਿੰਘ ਸਰਕਲ ਸਕੱਤਰ ਰਾਜ ਸਿੰਘ, ਗੁਰਬਚਨ ਸਿੰਘ, ਰਾਮ ਸਿੰਘ, ਹੱਕਾਂ ਸਿੰਘ, ਜੀਤ ਸਿੰਘ, ਕਰਨੈਲ ਸਿੰਘ ਆਦਿ ਸ਼ਾਮਿਲ ਹੋਏ।

# ਉੱਘੇ ਸਮਾਜ ਸੇਵਕ ਪੀ.ਸੀ ਕੁਮਾਰ ਦੀ ਧਰਮਪਤਨੀ ਦੀ ਅੰਤਿਮ ਅਰਦਾਸ ਤੇ ਪਾਠ ਦਾ ਭੋਗ 15 ਦਸੰਬਰ ਨੂੰ

## ਧਾਰਮਿਕ ਖਿਆਲਾਂ ਦੇ ਮਾਲਕ ਸਨ ਦਰਸ਼ਨਾ ਦੇਵੀ



**ਫ਼ਿਰੋਜ਼ਪੁਰ, 13 ਦਸੰਬਰ (ਮਨੋਹਰ ਲਾਲ)** :— ਉੱਘੇ ਸਮਾਜ ਸੇਵਕ ਸ੍ਰੀ ਪੀ.ਸੀ ਕੁਮਾਰ ਦੀ ਧਰਮਪਤਨੀ ਜਿਨ੍ਹਾਂ ਦਾ ਦਿਹਾਂਤ 3 ਦਸੰਬਰ ਨੂੰ ਹੋ ਗਿਆ ਸੀ। ਬੀਬੀ ਦਰਸ਼ਨਾ ਦੇਵੀ ਜੀ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਮਿਤੀ 15 ਦਸੰਬਰ ਨੂੰ ਪਰਮਾਰਥ ਭਵਨ ਨਜਦੀਕ ਸ਼ਿਵਾਲਾ ਮੰਦਿਰ ਜ਼ੀਰਾ ਗੇਟ ਵਿਖੇ ਪਾਇਆ ਜਾਵੇਗਾ। ਇਥੇ ਇਹ ਦਸਣਯੋਗ ਹੈ ਕਿ ਬੀਬੀ ਦਰਸ਼ਨਾ ਦੇਵੀ ਪੁੱਤਰੀ ਮੋਹਨ ਲਾਲ—ਮਾਤਾ ਕੈਲਾਸ਼ ਦੇਵੀ ਦਾ ਜਨਮ ਕਸੂਰ ਪਾਕਿਸਤਾਨ ਵਿਖੇ 1943 ਵਿਚ ਹੋਇਆ ਸੀ ਅਤੇ ਇਨ੍ਹਾਂ ਦਾ ਵਿਆਹ ਸ੍ਰੀ ਪੀ.ਸੀ ਕੁਮਾਰ ਨਾਲ ਹੋਇਆ ਸੀ। ਇਹ ਸਕੂਲ ਵਿਚ ਟੀਚਰ ਸਨ ਅਤੇ ਵੱਖ—ਵੱਖ ਸਕੂਲਾਂ ਵਿਚ ਡਿਊਟੀ ਬਹੁਤ ਵਧੀਆ ਤਰੀਕੇ ਨਾਲ ਇਮਾਨਦਾਰੀ ਨਾਲ ਨਿਭਾਈ, ਜਿਵੇਂ ਕਿ ਬਾਰੇ ਕੇ, ਆਸਲ, ਬੁਰਜੀ ਅਤੇ 2003 ਵਿਚ ਆਰਿਫਕੇ ਵਿਚ ਹੈਡ ਟੀਚਰ ਰਿਟਾਇਰਡ ਹੋਏ, ਇਨ੍ਹਾਂ ਦੇ ਤਿੰਨ ਬੇਟੀਆਂ ਰੇਣੂੰ ਚੋਪੜਾ ਪਤਨੀ ਰੋਹਿਤ ਚੋਪੜਾ, ਗੀਤੂ ਮੋਗੀਆ ਪਤਨੀ ਰਾਜੀਵ ਮੋਗੀਆ ਅਤੇ ਤੀਸਰੀ ਬੇਟੀ ਪੂਨਮ ਮਹਿੰਦੀ ਰਤਾ ਪਤਨੀ ਅਕਾਸ਼ ਮਹਿੰਦੀ ਰਤਾ ਹਨ। ਬੀਬੀ ਦਰਸ਼ਨਾ ਦੇਵੀ ਨੇ ਆਪਣੀ ਜਿੰਦਗੀ ਦੀਆਂ 83 ਕੁ ਬਹਾਰਾਂ ਵੇਖ ਕੇ ਸਦਾ—ਸਦਾ ਲਈ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਅਤੇ ਪਿਛੇ ਤਿੰਨੇ ਬੇਟੀਆਂ, ਦੋਹਤਰੇ, ਦੋਹਤਰੀਆਂ, ਕਿਨਮਿਨ, ਰਿਧਮ, ਮਾਧਵ, ਧਰਿਤੀ ਅਤੇ ਮਾਇਰਾ ਅਤੇ ਪੀ.ਸੀ ਕੁਮਾਰ ਨੂੰ ਭਗਵਾਨ ਆਸਰੇ ਛੱਡ ਗਏ। ਸ੍ਰੀਮਤੀ ਦਰਸ਼ਨਾ ਦੇਵੀ ਧਾਰਮਿਕ ਖਿਆਲਾਂ ਦੇ ਮਾਲਕ ਸਨ ਅਤੇ ਹਮੇਸ਼ਾ ਭਗਵਾਨ ਦੀ ਭਰਤੀ ਵਿਚ ਮਗਨ ਰਹਿੰਦੇ ਸਨ ਅਤੇ ਜਿਆਦਾ ਵਿਸਵਾਸ਼ ਰੱਖਦੇ ਸਨ। ਇਸ ਦੇ ਨਾਲ ਹੀ ਉਹ ਗਰੀਬ ਅਤੇ ਭੁਖਿਆਂ ਲਈ ਸਵੇਰੇ ਉਠ ਕੇ ਲੰਗਰ ਅਤੇ ਸਬਜੀ ਬਣਾਉਂਦੇ ਸੀ ਅਤੇ ਵੰਡਦੇ ਸੀ, ਜਿਥੇ—ਜਿਥੇ ਮੰਦਰਾਂ ਅੱਗੇ ਮੰਗਤੇ ਬੈਠੇ ਹੁੰਦੇ ਅਤੇ ਭੁਖਿਆਂ ਨੂੰ ਲੰਗਰ ਛਕਾਉਦੇ ਸੀ ਅਤੇ ਕੁਤਿਆਂ ਨੂੰ ਦੁੱਧ ਅਤੇ ਕੀੜਿਆਂ ਲਈ ਅਨਾਜ ਅਤੇ ਪੰਛੀਆਂ ਲਈ ਚੋਗਾ ਅਤੇ ਹਰ ਰੋਜ਼ ਗਊਆਂ ਨੂੰ ਹਰਾ ਚਾਰਾ ਪਾਉਂਦੇ ਸਨ, ਭਾਵੇਂ ਮੀਂਹ ਆਵੇ, ਭਾਵੇਂ ਹਨੇਰੀ ਹੋਵੇ, ਭਾਵੇਂ ਸਰਦੀ ਹੋਵੇ ਭਾਵੇਂ ਗਰਮੀ ਹੋਵੇ, ਰੋਜ਼ਾਨਾ ਦੀ ਰੂਟੀਨ ਸੀ। ਬੀਬੀ ਦਰਸ਼ਨਾ ਦੇਵੀ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਮਿਤੀ 15 ਦਸੰਬਰ ਦਿਨ ਐਤਵਾਰ ਨੂੰ ਪਰਮਾਰਥ ਭਵਨ ਨਜਦੀਕ ਸ਼ਿਵਾਲਾ ਮੰਦਰ ਜ਼ੀਰਾ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਪਾਇਆ ਜਾਵੇਗਾ।

# ਕਿਸਾਨਾਂ ਦੀਆਂ ਮੰਗਾਂ ਦਾ ਤੁਰੰਤ ਹੋਵੇਗਾ ਨਿਪਟਾਰਾ





**ਫ਼ਿਰੋਜ਼ਪੁਰ, 13 ਦਸੰਬਰ (ਮਨੋਹਰ ਲਾਲ)** :— ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੀ ਵਿਸ਼ੇਸ਼ ਇਕੱਤਰਤਾ ਸਰਬਜੀਤ ਸਿੰਘ ਛਾਪੜਾ ਦੇ ਘਰ ਹੋਈ ਜਿਸ ਵਿੱਚ ਪੁਰਾਣੇ ਅਤੇ ਕੋਰ ਕਮੇਟੀ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੁਸਾਇਟੀ ਮੈਂਬਰਾਂ ਵੱਲੋਂ ਇੱਕ ਮਤਾ ਪਾ ਕੇ ਪ੍ਰੈਸ ਨੋਟ ਜਾਰੀ ਕੀਤਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਜੋ ਕਿਸਾਨੀ ਮੋਰਚਾ ਲਗਾਇਆ ਗਿਆ ਹੈ ਅਤੇ ਜੋ ਇਨ੍ਹਾਂ ਦੀਆਂ ਜਾਇਜ਼ ਮੰਗਾਂ ਹਨ ਉਨ੍ਹਾਂ ਨੂੰ ਸਰਕਾਰ ਨੂੰ ਮੰਨਣਾ ਚਾਹੀਦਾ ਹੈ। ਕਿਸਾਨੀ ਮੰਗਾਂ ਦੇ ਹੱਲ ਲਈ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਡੱਲੇਵਾਲ ਦੀ ਸਿਹਤ ਦੀ ਚਿੰਤਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੀਆਂ ਜਾਇਜ਼ ਤੁਰੰਤ ਮੰਨ ਲੈਣੀਆਂ ਚਾਹੀਦੀਆਂ ਹਨ।ਇਸ ਮੌਕੇ ਸਰਬਜੀਤ ਸਿੰਘ ਛਾਬੜਾ, ਜਗਜੀਤ ਸਿੰਘ ਭੁੱਲਰ, ਸੋਹਣ ਸਿੰਘ, ਹਰਜੀਤ ਸਿੰਘ ਧਾਲੀਵਾਲ, ਹਰਜੀਤ ਸਿੰਘ, ਸਵਰਨ ਸਿੰਘ, ਮੋਹਨ ਸਿੰਘ, ਰਾਜੇਸ਼ ਕੁਮਾਰ ਹਾਜ਼ਿਰ ਸਨ।

# ਭਾਈ ਅੰਮ੍ਰਿਤਪਾਲ ਸਿੰਘ ਨੂੰ ਨਜ਼ਰਬੰਦ ਰੱਖਣ ਲਈ ਸਰਕਾਰ ਕਿਉਂ ਬੇਜਿੱਦ ਹੈ ?



**ਕੀ ਅੰਮ੍ਰਿਤਪਾਲ ਸਿੰਘ** ਇਸ ਕਰਕੇ ਅੰਦਰ ਹੈ ਕਿ ਉਸਨੇ ਖਾਲਿਸਤਾਨ ਦੀ ਗੱਲ ਕੀਤੀ ਸੀ ਜਾਂ ਕਿ ਉਸ ਨੇ ਅਜਨਾਲੇ ਥਾਣੇ ਨੂੰ ਘੇਰਾ ਪਾਇਆ ਸੀ ? ਜੇ ਅਜਿਹਾ ਹੁੰਦਾ ਤਾਂ ਖਾਲਿਸਤਾਨ ਦਾ ਨਾਅਰਾ ਤਾਂ ਪੰਜਾਬ ਵਿਚ

ਆਵਾਜ਼ਿ ਕੌਮ AWAZE QAUM International Newspaper & WEB TV

ਕਈ ਆਗੂ ਤੇ ਜੱਥਬੰਦੀਆਂ ਲਾ ਰਹੀਆਂ ਹਨ ।ਪੁਲਸ,ਥਾਣਿਆਂ ਅਤੇ ਨੇਤਾਵਾਂ ਦੇ ਘੇਰੇ ਪੰਜਾਬ ਵਿੱਚ ਰੋਜ਼ਾਨਾ ਦੀ ਖੇਡ ਹੈ ।ਇੱਥੋਂ ਤੱਕ ਕਿ ਸ਼ੰਭੂ ਅਤੇ ਘਨੌਰੀ ਬਾਰਡਰ ਉੱਪਰ ਪੁਲਸ ਨਾਲ ਖੂਨੀ ਟਕਰਾ ਤੱਕ ਹੋਏ ਹਨ ।ਕਦੇ ਕਿਸੇ ਉੱਪਰ ਐਨ.ਐਸ.ਏ .ਨਹੀ ਲੱਗੀ । ਸਰਕਾਰਾਂ ਹਮੇਸ਼ਾ ਅਜਿਹੇ ਆਗੂ ਤੋਂ ਖੌਫ ਖਾਂਦੀਆਂ ਹਨ , ਜਿਸ ਵੱਲੋਂ ਕੀਤੀ ਜਾਣ ਵਾਲੀ ਗੱਲ ਉਸਦੀ ਕੌਮ ਉੱਪਰ ਕੋਈ ਇਨਕਲਾਬੀ ਪ੍ਰਭਾਵ ਸਿਰਜ ਰਹੀ ਹੁੰਦੀ ਹੈ ।ਜਦੋਂ ਅਜਿਹੇ ਆਗੂ ਵੱਲੋਂ ਛੇੜਿਆ ਜਾ ਰਿਹਾ ਬਿਰਤਾਂਤ ਉਸਦੀ ਕੌਮ ਦੀ ਮਾਨਸਿਕਤਾ ਵਿੱਚ ਵਿਚਰ ਰਹੇ ਜੁਝਾਰੂ ਇਤਿਹਾਸ ਦੇ ਰੂਬਰੂ ਕਰਵਾਉਣਾ ਸ਼ੁਰੂ ਕਰ ਦੇਵੇ ਤਾਂ ਸਟੇਟ ਇਸ ਨੂੰ ਗੰਭੀਰ ਸਥਿਤੀ ਮੰਨ ਕੇ ਤੁਰੰਤ ਐਕਸ਼ਨ ਵਿੱਚ ਆ ਜਾਂਦੀ ਹੈ ।ਸਟੇਟ ਕਦੇ ਨਹੀਂ ਚਾਹੁੰਦੀ ਕਿ ਅਜਿਹਾ ਕੋਈ ਆਗੂ ਇਸ ਹੱਦ ਤੱਕ ਤਕੜਾ ਹੋ ਜਾਵੇ ਕਿ ਉਸ ਨੂੰ ਹੱਥ ਪਾਉਣਾ ਹੀ ਔਖਾ ਹੋ ਜਾਵੇ ।ਇਸ ਕਰਕੇ ਸਰਕਾਰਾਂ ਕਿਸੇ ਕੌਮ ਦੀ ਮਾਨਸਿਕਤਾ ਵਿੱਚ ਸਦੀਵੀ ਸਥਾਪਤ ਹੋਣ ਜਾ ਰਹੇ ਅਜਿਹੇ ਆਗੂ ਨੂੰ ਆਪਣੇ ਜਬਰ ਅਤੇ ਸ਼ਾਜਿਸਾਂ ਰੂਪੀ ਚਾਲਾਂ ਨਾਲ ਦਬਾਉਣ ਦੀ ਕੋਸ਼ਿਸ਼ ਕਰਦੀ ਹੈ ।ਜਦੋਂ ਉਹਨਾਂ ਨੂੰ ਜਾਪਿਆ ਕਿ ਅੰਮ੍ਰਿਤਪਾਲ ਉਹਨਾਂ ਲਈ ਵੱਡੀ ਸਿਆਸੀ ਚਨੌਤੀ ਬਨਣ ਜਾ ਰਿਹਾ ,ਉਹਨਾਂ ਜੇਲੀ ਡੱਕ ਦਿੱਤਾ ।ਕਿਸੇ ਵੀ ਆਗੂ ਦੀ ਉਭਾਰ ਰੂਪੀ ਸ਼ਕਤੀ ਕੌਮ ਦੀ ਅਮਾਨਤ ਹੁੰਦੀ ਹੈ ।ਸਿਆਣੀਆਂ ਕੌਮਾਂ ਅਜਿਹੇ ਮੌਕਿਆਂ ਦੀ ਸੂਝ ਬੂਝ ਨਾਲ ਵਰਤੋਂ ਕਰਕੇ ਆਪਣੇ ਨਿਸ਼ਾਨੇ ਵੱਲ ਵਧਦੀਆਂ ਹਨ ।ਪਰ ਅਸੀ ਆਪਸੀ ਨਫਰਤ ,ਧੜੇਬੰਦਕ ਬਿਰਤੀ ਅਤੇ ਸਵਾਰਥਾਂ ਵਿੱਚ ਇਸ ਕਦਰ ਗ੍ਰਸੇ ਹਾਂ ਕਿ ਇੱਕ ਦੂਜੇ ਦੀਆਂ ਲੱਤਾਂ ਖਿੱਚਣ ਵਿੱਚ ਮਾਣ ਮਹਿਸੂਸ ਕਰਦੇ ਹਾਂ ।ਜੇਕਰ ਪੰਥਕ ਧਿਰਾਂ ਇਮਾਨਦਾਰੀ ਨਾਲ ਭਾਈ ਅੰਮ੍ਰਿਤਪਾਲ ਸਿੰਘ ਦੇ ਉਭਾਰ ਨੂੰ ਵਰਤਣ ਲਈ ਸੁਹਿਰਦ ਹੋ ਜਾਣ ਤਾਂ ਇਸ ਨਿਰਾਸ਼ਤਾ ਵਾਲੀ ਸਥਿਤੀ ਵਿੱਚੋ ਸਹਿਜੇ ਨਿਕਲਿਆ ਜਾ ਸਕਦਾ ।ਇੱਥੇ ਮੇਰਾ ਮਕਸਦ ਕਿਸੇ ਇੱਕ ਪੰਥਕ ਧਿਰ ਨੂੰ ਦੂਜੇ ਦੀ ਅਧੀਨਗੀ ਮੰਨ ਲੈਣ ਦੀ ਸਲਾਹ ਦੇਣ ਦੀ ਬਜਾਏ ਮੌਕੇ ਦੀ ਨਜ਼ਾਕਤ ਸਮਝਦੇ ਹੋਏ ਮਤਭੇਦ ਭੁਲਾ ਕੇ ਗੁਣਾਂ ਦੀ ਸਾਂਝ ਪਾਉਣ ਦੀ ਬੇਨਤੀ ਹੈ ।

**-ਅਮਰੀਕ ਸਿੰਘ ਮੁਕਤਸਰ**

## ਗੁਰੂ ਨਾਨਕ ਪਬਲਿਕ ਸਕੂਲ ਰਾਜੌਰੀ ਗਾਰਡਨ ਵਿੱਚ

# ਮਨਾਇਆ ਗਿਆ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ




ਨਵੀਂ ਦਿੱਲੀ 13 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਗੁਰੂ ਨਾਨਕ ਪਬਲਿਕ ਸਕੂਲ ਰਾਜੌਰੀ ਗਾਰਡਨ ਵਿਖੇ ਅੱਜ ਸਕੂਲ ਦੀ ਸਪੈਸ਼ਲ ਅਸੈਂਬਲੀ ਵਿੱਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਸ਼ਹੀਦੀ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਅਜੋਕੇ ਮੌਕੇ ਤੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਵਲੋਂ

"ਤਿਲਕ ਜੰਞੂ ਰਾਖਾ ਪ੍ਰਭ ਤਾ ਕਾ
ਕੀਨੋ ਬਡੋ ਕਲੂ ਮਹਿ ਸਾਕਾ" ਸ਼ਬਦ ਪੜ ਕੇ

ਅਸੈਂਬਲੀ ਦੀ ਸ਼ੁਰੂਆਤ ਕੀਤੀ ਗਈ। ਸਕੂਲ ਦੇ ਵਿਦਿਆਰਥੀਆਂ ਨੇ ਰੱਬੀ ਬਾਣੀ ਦਾ ਇਲਾਹੀ ਕੀਰਤਨ ਕਰਕੇ ਸਾਰਿਆਂ ਨੂੰ ਨਿਹਾਲ ਕੀਤਾ ।ਸਕੂਲ ਦੇ ਬੱਚਿਆਂ ਰਣਜੀਤ ਸਿੰਘ, ਸਹਿਜਪ੍ਰੀਤ ਸਿੰਘ, ਰਤਿੰਦਰ ਕੌਰ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਕਵਿਤਾ ਸੁਣਾਈ ਅਤੇ ਇਸ਼ਪ੍ਰੀਤ ਕੌਰ ਨੇ ਗੁਰੂ ਸਾਹਿਬ ਜੀ ਦੇ ਜੀਵਨ ਉੱਤੇ ਪ੍ਰਕਾਸ਼ ਪਾਇਆ ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮਨਪ੍ਰੀਤ ਕੌਰ ਨੇ ਬੱਚਿਆਂ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਵਿਸ਼ਵ-ਇਤਿਹਾਸ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਵਿਲੱਖਣ ਹੈ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਇਹ ਕੁਰਬਾਨੀ ਆਪਣੇ ਲਈ ਨਹੀਂ, ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਾਨਵਤਾ ਨੂੰ ਬਚਾਉਣ ਖ਼ਾਤਰ ਦਿੱਤੀ ਗਈ। ਇਸ ਤਰ੍ਹਾਂ ਇਸ ਗੌਰਵਮਈ ਸ਼ਹਾਦਤ ਨੇ ਸਿਰਫ਼ ਸਿੱਖ ਇਤਿਹਾਸ ਨੂੰ ਹੀ ਨਵਾਂ ਮੋੜ ਨਹੀਂ ਦਿੱਤਾ ਸਗੋਂ ਪੂਰੇ ਵਿਸ਼ਵ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਪ੍ਰਦਾਨ ਕੀਤਾ ।ਗੁਰੂ ਜੀ ਦੀ ਸ਼ਹਾਦਤ ਨੇ ਉਸ ਸਮੇਂ ਦੇ ਮਜ਼ਲੂਮਾਂ, ਨਿਤਾਣਿਆਂ, ਨਿਓਟਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿੱਚ ਇੱਕ ਨਵੀਂ ਰੂਹ ਫੂਕੀ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਸਾਡੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਮਨੁੱਖ ਦੇ ਬਣਾਏ ਧਰਮ ਤੋਂ ਉੱਪਰ ਉੱਠ ਕੇ ਸਰਬ-ਸਾਂਝੇ ਧਰਮ ਅਰਥਾਤ ਮਾਨਵਤਾ, ਅਹਿੰਸਾ, ਦਇਆ, ਅਮਨ ਅਤੇ ਅਖੰਡਤਾ ਦੇ ਰਸਤੇ ਉੱਪਰ ਕਦਮ ਧਰੀਏ।

**ਗੁਰੂ ਸਾਹਿਬ ਦੀ ਸ਼ਹਾਦਤ ਨੇ ਸਿਰਫ਼ ਸਿੱਖ ਇਤਿਹਾਸ ਨੂੰ ਹੀ ਨਵਾਂ ਮੋੜ ਨਹੀਂ ਦਿੱਤਾ ਸਗੋਂ ਪੂਰੇ ਵਿਸ਼ਵ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਪ੍ਰਦਾਨ ਕੀਤਾ: ਐਚ ਓਂ ਐਸ ਮਨਪ੍ਰੀਤ ਕੌਰ**

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਸਕੂਲ ਦੇ ਮੈਨੇਜਰ ਸਰਦਾਰ ਜਗਜੀਤ ਸਿੰਘ ਨੇ ਬੱਚਿਆਂ ਨੂੰ ਗੁਰੂ ਤੇਗ਼ ਬਹਾਦਰ ਜੀ ਵਲੋਂ ਦਿੱਤੀ ਸ਼ਹਾਦਤ ਦੇ ਸੰਕਲਪ ਬਾਰੇ ਦਸਿਆ ਕਿ ਗੁਰੂ ਸਾਹਿਬ ਜੀ ਨੇ ਆਪਣੇ ਜੀਵਨ ਦਰਸ਼ਨ, ਵਿਚਾਰਧਾਰਕ ਫ਼ਲਸਫ਼ੇ ਅਤੇ ਵਿਵਹਾਰਕ ਜੀਵਨ 'ਚ ਉਨ੍ਹਾਂ ਵਿਚਾਰਾਂ ਦੀ ਰੱਖਿਆ 'ਚ ਆਪਣੀ ਸ਼ਹਾਦਤ ਨਾਲ ਇਹ ਸਥਾਪਿਤ ਕੀਤਾ ਹੈ ਕਿ 'ਧਰਮ ਹੇਤੁ' ਸਾਧਿਆ ਮਨ ਹੀ ਸੰਤੁਲਿਤ ਜੀਵਨ ਦਾ ਆਧਾਰ ਬਣਦਾ ਹੈ ਜੋ ਮੌਤ ਜਿਹੀ ਚੁਣੌਤੀ ਸਨਮੁੱਖ ਸ਼ਹਾਦਤ ਨੂੰ ਸਵੀਕਾਰ ਕਰਦਾ ਹੈ।

# ਜ਼ਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਵਰਿੰਦਰ ਕੁਮਾਰ ਨੂੰ ਕੀਤਾ ਸਨਮਾਨਿਤ: ਸੰਜੀਵ ਲਾਡੀ



**ਚੌਕ ਮਹਿਤਾ, 13 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਫੇਅਰ ਪ੍ਰਾਈਸ ਸ਼ਾਪਜ਼ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ ਦੇ ਪ੍ਰਧਾਨ ਸੰਜੀਵ ਕੁਮਾਰ ਲਾਡੀ ਦੀ ਅਗਵਾਈ ਹੇਠ ਨਵ-ਨਿਯੁਕਤ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਵਰਿੰਦਰ ਕੁਮਾਰ ਨੂੰ ਸਨਮਾਨ ਕੀਤਾ ਗਿਆ ਸਰਤਾਜ ਸਿੰਘ ਚੀਮਾ ਦੀ ਥਾਂ 'ਤੇ ਨਵ-ਨਿਯੁਕਤ ਜ਼ਿਲ੍ਹਾ ਕੰਟਰੋਲਰ ਦੀ ਨਿਯੁਕਤੀ ਕੀਤੀ ਗਈ ਹੈ ਇੱਥੇ ਨਿਯੁਕਤ ਹੋਣ ਤੋਂ ਬਾਅਦ ਐਸੋਸੀਏਸ਼ਨ ਦੇ ਵਫ਼ਦ ਨੇ ਵਰਿੰਦਰ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਆਪਣੀਆਂ ਸਮੱਸਿਆਵਾਂ ਤੋਂ ਵੀ ਜਾਣੂ ਕਰਵਾਇਆ ਵਰਿੰਦਰ ਕੁਮਾਰ ਨੇ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਹੈ, ਉਥੇ ਹੀ ਐਸੋਸੀਏਸ਼ਨ ਨੇ ਵੀ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਏਐਫਐਸਓ ਸੌਰਵ ਮਹਾਜਨ, ਮਨੀਸ਼ ਕੁਮਾਰ ਮੋਨੂੰ, ਰਣਜੀਤ ਸਿੰਘ, ਸੁਖਦੇਵ ਸਿੰਘ,ਭੋਲਾ,ਇੰਦਰਜੀਤ ਸ਼ਰਮਾ, ਵਿਜੈ ਸ਼ਰਮਾ,ਦਲਜੀਤ ਸਿੰਘ ਬਿੱਲਾ,ਗੋਲਡੀ,ਮਨੋਜ ਕੁਮਾਰ, ਹਰੀ ਓਮ, ਸੁਰਿੰਦਰ ਮਹਾਜਨ ਅਤੇ ਹੋਰ ਡਿਪੂ ਹੋਲਡਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੋਲਡਨ ਲਾਟਰੀ ਏਜੰਸੀ ਤੇ ਨਿਕਲਿਆ ਇੱਕ ਕਰੋੜ ਦਾ ਇਨਾਮ




**ਚੌਕ ਮਹਿਤਾ, 13 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੋਲਡਨ ਲਾਟਰੀ ਏਜੰਸੀ ਮਹਾਂ ਸਿੰਘ ਗੇਟ ਦੇ ਮਾਲਕ ਰਣਜੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਦੀਵਾਲੀ ਬੰਪਰ ਨੰਬਰ 2.828975 ਤੋ ਇੱਕ ਕਰੋੜ ਰੁਪਏ ਦਾ ਇਨਾਮ ਨਿਕਲਿਆ ਹੈ ਇਹ ਟਿਕਟ ਲੁਧਿਆਣਾ ਤੋਂ ਇੱਕ ਵਿਅਕਤੀ ਨੇ ਖਰੀਦੀ ਸੀ ਜਿਸ ਵਿੱਚ ਅੰਮ੍ਰਿਤਸਰ ਤੋ ਇਨਾਮ ਨਿਕਲਣਾ ਓਨਾਂ ਲਈ ਮਾਣ ਵਾਲੀ ਗੱਲ ਹੈ ਰਣਜੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਪਾਈਟੈਕਸ ਮੇਲੇ ਵਿੱਚ ਵੀ ਓਹਨਾਂ ਵਲੋ ਗੋਲਡਨ ਲਾਟਰੀ ਏਜੰਸੀ ਵਲੋ ਸਟਾਲ ਲਗਾਇਆ ਗਿਆ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਮਹਿਤਾ ਨੰਗਲ ਸਕੂਲ ਵਿਖੇ ਐਸ ਐਸ ਟੀ ਮੇਲੇ ਦਾ ਸਫਲ ਆਯੋਜਨ



**ਚੌਕ ਮਹਿਤਾ, 13 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪ੍ਰਿੰਸੀਪਲ ਡੀਡੀਓ ਸ. ਦੀਪਇੰਦਰਪਾਲ ਸਿੰਘ ਖਹਿਰਾ ਸਸਸਸਕੂਲ ਬੰਡਾਲਾ ਜੀ ਦੀ ਸਰਪ੍ਰਸਤੀ ਹੇਠ ਅਤੇ ਇੰਚਾਰਜ ਪ੍ਰਿੰਸੀਪਲ ਸ. ਨਰਿੰਦਰ ਸਿੰਘ ਰਾਏ ਦੀ ਨਿਗਰਾਨੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਨੰਗਲ ਵਿਖੇ ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਐਸਐਸਟੀ ਅਧਿਆਪਿਕਾ ਮੈਡਮ ਹਰਪ੍ਰੀਤ ਕੌਰ ਵੱਲੋਂ ਐਸਐਸਟੀ ਮੇਲੇ ਦਾ ਬਹੁਤ ਹੀ ਵਧੀਆ ਆਯੋਜਨ ਕੀਤਾ ਗਿਆ। ਇਸ ਮੇਲੇ ਵਿੱਚ ਬੱਚਿਆਂ ਵੱਲੋਂ ਸਮਾਜਿਕ ਵਿਗਿਆਨ ਨਾਲ ਸਬੰਧਤ ਵਿਸ਼ਿਆਂ ਵਾਲੇ ਆਪਣੇ ਆਪਣੇ ਪ੍ਰੋਜੈਕਟਾਂ ਨੂੰ ਪ੍ਰਦਰਸ਼ਨੀ ਵਿੱਚ ਪੇਸ਼ ਕੀਤਾ ਗਿਆ। ਸੀਨੀਅਰ ਲੈਕਚਰਾਰ ਸ. ਕੁਲਦੀਪ ਸਿੰਘ ਅਤੇ ਅਧਿਆਪਕਾਂ ਵੱਲੋਂ ਇਹਨਾਂ ਤਿਆਰ ਕੀਤੀਆਂ ਨਵੀਆਂ ਤਕਨੀਕਾਂ ਦੇ ਪ੍ਰੋਜੈਕਟਾਂ ਨੂੰ ਦੇਖਿਆ ਗਿਆ ਅਤੇ ਉਹਨਾਂ ਦਾ ਮੁਲਾਂਕਣ ਕੀਤਾ ।ਇਸ ਮੌਕੇ 'ਤੇ ਸੀਨੀਅਰ ਅਧਿਆਪਕ ਸ. ਚਰਨਜੀਤ ਸਿੰਘ ਬੱਲ ਵੱਲੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੇਲੇ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਮੈਡਮ ਹਰਪ੍ਰੀਤ ਕੌਰ ਐਸ ਐਸ ਮਿਸਟ੍ਰੈੱਸ ਵੱਲੋਂ ਪੂਰੀ ਤਨਦੇਹੀ ਨਾਲ ਕੰਮ ਕੀਤਾ ਗਿਆ। ਇਸਤੋਂ ਇਲਾਵਾ ਮੈਡਮ ਮਮਤਾ, ਮੈਡਮ ਸੁਖਵੀਰ ਕੌਰ, ਮੈਡਮ ਕੁਲਬੀਰ ਕੌਰ, ਮੈਡਮ ਕੁਲਜਿੰਦਰ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਤੋਂ ਇਲਾਵਾ ਮੇਲੇ ਦਾ ਨਿਰੀਖਨ ਕਰਨ ਵਿੱਚ ਸੀਨੀਅਰ ਲੈਕਚਰਾਰ ਸ. ਕੁਲਦੀਪ ਸਿੰਘ, ਸ਼੍ਰੀ ਸੁਰਿੰਦਰ ਭਾਟੀਆ, ਡੀਪੀਈ ਸ. ਗੁਰਪ੍ਰੀਤ ਸਿੰਘ, ਮਾਸਟਰ ਰਾਕੇਸ਼ ਕੁਮਾਰ, ਮਾਸਟਰ ਅੰਕੁਰ ਅੰਗੂਰਾਲਾ, ਮੈਡਮ ਜਸਮੀਤ ਕੌਰ, ਮੈਡਮ ਹਰਸਿਮਰਨ ਕੌਰ, ਸ਼੍ਰੀ ਰਕੇਸ਼ ਸ਼ਰਮਾਂ, ਨਵਜੋਤ ਸਿੰਘ, ਹਰਜੋਤ ਸਿੰਘ ਅਤੇ ਕੈਂਪਸ ਮੈਨੇਜਰ ਸ. ਬਲਰਾਜ ਸਿੰਘ ਦਾ ਪੂਰਾ ਸਹਿਯੋਗ ਰਿਹਾ।

## ਸਿੱਖ ਸੰਗਤਾਂ ਸੰਤ ਮਹਾਂਪੁਰਸ਼ਾਂ ਸਿੱਖ ਸ਼ਖਸ਼ੀਅਤਾਂ ਦੇ ਰਾਇ ਮਸ਼ਵਰੇ ਉਪਰੰਤ

# "ਪੰਜ ਪਿਆਰੇ ਪੰਜ ਸਿੰਘਾਂ" ਵਲੋਂ ਕੁਰੂਕਸ਼ੇਤਰ ਵਿਖੇ ਹੋਏ "ਪੰਥਕ ਇਕੱਠ" ਵਿੱਚ 'ਸ਼੍ਰੋਮਣੀ ਅਕਾਲੀ ਦਲ ਆਜ਼ਾਦ' ਦਾ ਪ੍ਰਧਾਨ "ਜਥੇਦਾਰ ਬਲਜੀਤ ਸਿੰਘ ਦਾਦੂਵਾਲ" ਨੂੰ ਜੈਕਾਰਿਆਂ ਦੀ ਗੂੰਜ ਵਿੱਚ ਥਾਪਿਆ ਗਿਆ











(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਮਿਤੀ: ੨੮ ਮੱਘਰ ਸੰਮਤ ਨਾਨਕਸ਼ਾਹੀ ੫੫੬ (13-12-2024)

ਪਰਮ ਸਤਿਕਾਰਯੋਗ ਗੁਰੂ ਕੇ ਸਾਜੇ ਨਿਵਾਜੇ ਪੰਥ ਖਾਲਸਾ ਜੀ ਸਤਿਕਾਰ ਸਹਿਤ ਫਤਿਹ ਪ੍ਰਵਾਨ ਹੋਵੇ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਮੀਰੀ ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਮਹਾਰਾਜ ਜੀ ਦੇ ਪਾਵਨ ਚਰਨਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਾਜ਼ਰ ਹਜ਼ੂਰੀ ਵਿੱਚ ਬੜੇ ਉਤਸ਼ਾਹ ਨਾਲ ਜੁੜ ਬੈਠੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤ ਜੀਓ।ਜੋ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਵਿਖੇ 28 ਨਵੰਬਰ 2024 ਨੂੰ ਪੰਥ ਖਾਲਸੇ ਵਲੋਂ ਪੰਥਕ ਇਕੱਠ ਵਿੱਚ ਸਿੱਖ ਮਸਲਿਆਂ ਦੇ ਹੱਲ ਅਤੇ ਗੁਰਦੁਆਰਾ ਪ੍ਰਬੰਧ ਦੀਆਂ ਚੋਣਾਂ ਲੜਨ ਵਾਸਤੇ "ਸ਼੍ਰੋਮਣੀ ਅਕਾਲੀ ਦਲ ਆਜ਼ਾਦ" ਪਾਰਟੀ ਦਾ ਗਠਨ ਕੀਤਾ ਗਿਆ ਸੀ ਅਤੇ ਸਾਡੀ ਪੰਜ ਸਿੰਘਾਂ ਦੀ ਪੰਜ ਪਿਆਰਿਆ ਦੇ ਰੂਪ ਵਿੱਚ ਡਿਊਟੀ ਲਗਾਈ ਸੀ ਕੇ ਸਿੱਖ ਸੰਗਤਾਂ,ਸੰਤ ਮਹਾਂਪੁਰਸ਼ਾਂ,ਪੰਥਕ ਸ਼ਖਸ਼ੀਅਤਾਂ ਦੀ ਰਾਏ ਲੈ ਕੇ 15 ਦਿਨਾਂ ਦੇ ਵਿੱਚ ਵਿੱਚ ਪ੍ਰਧਾਨ ਦਾ ਐਲਾਨ ਕੀਤਾ ਜਾਵੇ।ਦਾਸ ਸਮੇਤ ਪੰਜ ਸਿੰਘਾਂ ਨੇ ਥੋੜੇ ਸਮੇਂ ਅੰਦਰ ਬਹੁਤ ਸਾਰੀਆਂ ਸਿੱਖ ਸ਼ਖਸ਼ੀਅਤਾਂ,ਸੰਤ ਮਹਾਂਪੁਰਸ਼ਾਂ,ਸਿੱਖ ਸੰਗਤਾਂ ਨੂੰ ਖੁਦ ਮਿਲ ਕੇ ਅਤੇ ਟੈਲੀਫੋਨ ਦੇ ਉੱਤੇ ਜੋ ਰਾਏ ਮਸ਼ਵਰਾ ਇਕੱਤਰ ਕੀਤਾ ਹੈ ਸਾਡੇ ਕੋਲ ਇਕੱਤਰ ਹੋਈ ਰਾਏ ਨੂੰ ਮੁੱਖ ਰੱਖਦਿਆਂ ਅੱਜ ਦੇ ਪੰਥਕ ਇਕੱਠ ਵਿੱਚ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਮੁੱਖ ਸੇਵਾਦਾਰ "ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ" ਦੇ ਨਾਮ ਦਾ ਐਲਾਨ ਕੀਤਾ ਜਾਂਦਾ ਹੈ। ਸਰਬੱਤ ਸੰਗਤਾਂ ਉਨਾਂ ਦਾ ਪੂਰਨ ਸਹਿਯੋਗ ਕਰਨ। ਵਾਹਿਗੁਰੂ ਅੱਗੇ ਸਾਡੀ ਅਰਦਾਸ ਹੈ ਕੇ ਪਰਮਾਤਮਾ ਜਥੇਦਾਰ ਦਾਦੂਵਾਲ ਜੀ ਨੂੰ ਚੜਦੀਕਲਾ ਬਖਸ਼ੇ ਅਤੇ ਉਹ ਇਸ ਸੇਵਾ ਨੂੰ ਵੀ ਚੜਦੀਕਲਾ ਨਾਲ ਹੋਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਵਾਂਗ ਚੜਦੀਕਲਾ ਨਾਲ ਨਿਭਾਉਣ। ਪੰਜ ਸਿੰਘਾਂ ਵਲੋਂ ਸ਼੍ਰੋਮਣੀ ਅਕਾਲੀ ਦਲ ਅਜ਼ਾਦ ਦੇ ਖਜ਼ਾਨੇ ਵਿੱਚ ਆਪਣੇ ਵਲੋਂ ਇੱਕ ਇੱਕ ਲੱਖ ਰੁਪਿਆ ਭੇਂਟ ਕੀਤਾ ਜਾਂਦਾ ਹੈ। ਪੰਥਕ ਇਕੱਠ ਪੰਥ ਖਾਲਸੇ ਵਲੋਂ ਲੱਗੀ ਇਸ ਡਿਊਟੀ ਨੂੰ ਪੂਰਨ ਕਰਕੇ ਪੰਜੇ ਸਿੰਘ ਸੁਰਖ਼ਰੂ ਹਾਂ ਪਰ ਪੰਥ ਦੀ ਸੇਵਾ ਵਿੱਚ ਹਮੇਸ਼ਾਂ ਹਾਜ਼ਰ ਰਹਾਂਗੇ।

ਗੁਰੂ ਪੰਥ ਦੇ ਦਾਸ

ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ

ਜਥੇਦਾਰ ਉਮਰਾਓ ਸਿੰਘ ਛੀਨਾ ਕੈਂਥਲ — ਜਥੇਦਾਰ ਮਲਕੀਤ ਸਿੰਘ ਪੰਨੀਵਾਲਾ ਸਿਰਸਾ

ਜਥੇਦਾਰ ਸਵਰਨ ਸਿੰਘ ਬੁੰਗਾ ਪੰਚਕੂਲਾ — ਜਥੇਦਾਰ ਸਵਰਨ ਸਿੰਘ ਰਤੀਆ ਫਤਿਹਾਬਾਦ

ਸਿੱਖ ਸੰਗਤਾਂ ਸੰਤ ਮਹਾਂਪੁਰਸ਼ਾਂ ਸਿੱਖ ਸ਼ਖਸ਼ੀਅਤਾਂ ਦੇ ਰਾਇ ਮਸ਼ਵਰੇ ਉਪਰੰਤ

# ''ਪੰਜ ਪਿਆਰੇ ਪੰਜ ਸਿੰਘਾਂ'' ਵਲੋਂ ਕੁਰੂਕਸ਼ੇਤਰ ਵਿਖੇ ਹੋਏ ''ਪੰਥਕ ਇਕੱਠ'' ਵਿੱਚ 'ਸ਼੍ਰੋਮਣੀ ਅਕਾਲੀ ਦਲ ਆਜ਼ਾਦ' ਦਾ ਪ੍ਰਧਾਨ ''ਜਥੇਦਾਰ ਬਲਜੀਤ ਸਿੰਘ ਦਾਦੂਵਾਲ'' ਨੂੰ ਜੈਕਾਰਿਆਂ ਦੀ ਗੂੰਜ ਵਿੱਚ ਥਾਪਿਆ














ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243